ਨੰ: 4/1/2008-2ਪੀਪੀ2/

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ;
ਕਮਿਸ਼ਨਰਜ਼ ਆਫ ਡਵੀਜ਼ਨਜ਼;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸ਼ੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 19-9-2011

ਵਿਸ਼ਾ: ਸਰਕਾਰੀ ਕਰਮਚਾਰੀ (ਆਚਰਣ) ਨਿਯਮਾਵਲੀ, 1966 ਦੇ ਨਿਯਮ 18 ਵਿੱਚ ਸੋਧ ਕਰਨ ਬਾਰੇ।

ਸ੍ਰੀਮਤੀ/ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਂਦੇ ਹੋਏ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: G.S.R.61/Const./Arts. 167, 309 and 318/ Amd.(16) 2011, ਮਿਤੀ 8.9.2011 ਦੀ ਕਾਪੀ ਭੇਜਣ ਦੀ ਹਦਾਇਤ ਹੋਈ ਹੈ।

2. ਆਪ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤਾਂ ਨੂੰ ਇਸ ਬਾਰੇ [illegible] ਕੀਤਾ ਜਾਵੇ।

3. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ,

ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਉਤਾਰਾ ਸਮੇਤ ਨੋਟੀਫਿਕੇਸ਼ਨ ਮਿਤੀ 8.9.2011 ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

GOVERNMENT OF PUNJAB

DEPARTMENT OF PERSONNEL

(PP-II BRANCH)

Notification

The 8th September, 2011

No. G.S.R.61/Const./Arts. 187, 309 and 318/Amd.(20)/2011.—In exercise of the powers conferred by the proviso to Article 309 and clause (b) of Article 318 read with clause (3) of Article 187 of the Constitution of India and all other powers enabling him in this behalf, the Governor of Punjab, after consultation with the Speaker of the Punjab Vidhan Sabha, in so far as such consultation is necessary under the aforesaid provisions and all other powers enabling him in this behalf, is pleased to make the following rules further to amend the Government Employees (Conduct) Rules, 1966, namely :—

RULES

1. (1) These Rules may be called the Government Employees (Conduct) (First Amendment) Rules, 2011.

(2) They shall come into force on and with effect from the date of their publication in the Official Gazette.

2. In the Government Employees (Conduct) Rules, 1966, in rule 18, for sub-rules (2) and (3), the following sub-rule shall be substituted, namely :—

"(2) Every Government Employee shall report to the prescribed authority each transaction of moveable or immoveable property made by way of lease, mortgage, purchase, sale, gift or otherwise, either in his own name or in the name of any member of his family, if the actual cost of such transaction exceeds one month's gross salary of such employee."

S. C. AGRAWAL,

Chief Secretary to Government of Punjab.

(158)

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.1 ਸ਼ਾਖਾ)

ਵਿਸ਼ਾ:- ਪ੍ਰਸੋਨਲ ਵਿਭਾਗ ਵੱਲੋਂ ਵੱਖ-ਵੱਖ ਵਿਭਾਗਾਂ ਨੂੰ ਸਲਾਹ ਦੇਣ ਬਾਰੇ।

------

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਸਕੱਤਰ, ਪੰਜਾਬ ਸਰਕਾਰ ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਪ੍ਰਸੋਨਲ ਵਿਭਾਗ ਵੱਲੋਂ ਪੱਤਰ ਨੰ: 2/52/2K-2ਪੀਪੀII/10761 ਮਿਤੀ 29 ਅਗਸਤ, 2008 ਰਾਹੀਂ ਸਮੂਹ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਇਸ ਵਿਭਾਗ ਨੂੰ ਰੈਫਰ ਕੀਤੇ ਜਾਣ ਵਾਲੇ ਕੇਸ ਕਿਸ ਵਿਧੀ ਨਾਲ ਘੋਖ ਕੇ ਭੇਜੇ ਜਾਣੇ ਹਨ। ਪਰ ਇਹ ਆਮ ਵੇਖਣ ਵਿਚ ਆਇਆ ਹੈ ਕਿ ਪ੍ਰਬੰਧਕੀ ਵਿਭਾਗ ਵੱਲੋਂ ਇਨ੍ਹਾਂ ਹਦਾਇਤਾਂ ਨੂੰ ਅੱਖੋਂ-ਓਹਲੇ ਕਰਕੇ ਅਧੂਰੇ ਕੇਸ ਇਸ ਵਿਭਾਗ ਨੂੰ ਰੈਫਰ ਕੀਤੇ ਜਾਂਦੇ ਹਨ। ਕਈ ਵਾਰ ਹਦਾਇਤਾਂ/ਨਿਯਮ ਬਿਲਕੁਲ ਸਪੱਸ਼ਟ ਹੁੰਦੇ ਹਨ ਅਤੇ ਪ੍ਰਬੰਧਕੀ ਵਿਭਾਗ ਉਸ ਤੋਂ ਜਾਣੂ ਵੀ ਹੁੰਦਾ ਹੈ ਪ੍ਰੰਤੂ ਫਿਰ ਵੀ ਕੇਸ ਇਸ ਵਿਭਾਗ ਨੂੰ ਬਿਨਾ ਵਜ੍ਹਾ ਰੈਫਰ ਕੀਤੇ ਜਾਂਦੇ ਹਨ। ਪ੍ਰਸੋਨਲ ਵਿਭਾਗ ਵੱਲੋਂ ਵੀ ਕੇਸ ਨੂੰ ਸਮੇਂ-ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ, ਸਬੰਧਿਤ ਨਿਯਮਾਂ ਅਤੇ ਕੇਸ ਦੇ ਤੱਥਾਂ ਅਨੁਸਾਰ ਹੀ ਵਿਚਾਰਨਾ ਹੁੰਦਾ ਹੈ ਅਤੇ ਇਨ੍ਹਾਂ ਦੀ ਅਣਹੋਂਦ ਵਿਚ ਪ੍ਰਸੋਨਲ ਵਿਭਾਗ ਕੋਈ ਵੀ ਫੈਸਲਾ ਲੈਣ ਤੋਂ ਅਸਮਰਥ ਹੁੰਦਾ ਹੈ। ਸਿੱਟੇ ਵਜੋਂ ਪ੍ਰਬੰਧਕੀ ਵਿਭਾਗਾਂ ਨੂੰ ਵਾਰ-ਵਾਰ ਪ੍ਰੇਖਣ ਕਰਨੇ ਪੈਂਦੇ ਹਨ ਜਿਸ ਨਾਲ ਨਾ ਕੇਵਲ ਮਾਮਲੇ ਵਿਚ ਬੇਲੋੜੀ ਦੇਰੀ ਹੁੰਦੀ ਹੈ ਸਗੋਂ ਇਹ ਪ੍ਰਸ਼ਾਸਨਿਕ ਪੱਖੋਂ ਵੀ ਉਚਿਤ ਨਹੀਂ ਹੈ। ਕਿਉਂ ਜੋ ਇਸ ਨਾਲ ਵਿਭਾਗਾਂ ਦੀ ਕਾਰਜ ਕੁਸ਼ਲਤਾ ਦਾ ਵੀ ਮਾੜਾ ਅਕਸ਼ ਬਣਦਾ ਹੈ। ਇਸ ਤੋਂ ਇਲਾਵਾ ਕਈ ਵਾਰ ਮਾਮਲੇ ਵਿਚ ਦੇਰੀ ਹੋਣ ਕਾਰਨ ਸਰਕਾਰ ਨੂੰ ਬੇਲੋੜੀ ਲਿਟੀਗੇਸ਼ਨ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

2. ਉਪਰੋਕਤ ਦੇ ਸਨਮੁੱਖ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਅਮਲੇ ਨੂੰ ਹਦਾਇਤ ਕਰਨ ਕਿ ਕੋਈ ਵੀ ਕੇਸ ਪ੍ਰਸੋਨਲ ਵਿਭਾਗ ਨੂੰ ਭੇਜਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਪੱਖੋਂ ਤੋਂ ਘੋਖਣ ਉਪਰੰਤ ਸਬੰਧਿਤ ਕੇਸ ਵਿਚ ਹਦਾਇਤਾਂ ਦੇ ਸਨਮੁੱਖ ਪ੍ਰਸੋਨਲ ਵਿਭਾਗ ਦੀ ਸਲਾਹ/ਪ੍ਰਵਾਨਗੀ ਲੋੜੀਂਦੀ ਹੈ ਅਤੇ ਜੇਕਰ ਲੋੜ ਹੈ ਤਾਂ ਹੀ ਇਸ ਵਿਭਾਗ ਦੀਆਂ ਹਦਾਇਤਾਂ ਮਿਤੀ 29-8-2000 ਦੀ ਪਾਲਣਾ ਕਰਦੇ ਹੋਏ ਕੇਸ ਪ੍ਰਸੋਨਲ ਵਿਭਾਗ ਨੂੰ ਸਪੱਸ਼ਟ ਤਜਵੀਜ਼ ਸਬੰਧਿਤ ਹਦਾਇਤਾਂ/ਨਿਯਮਾਂ/ਤੱਥਾਂ ਦਾ ਵੇਰਵਾ ਦਿੰਦੇ ਹੋਏ ਹੀ ਰੈਫਰ ਕੀਤੇ ਜਾਇਆ ਕਰਨ ਤਾਂ ਜੋ ਬੇਲੋੜੀ ਦੇਰੀ ਅਤੇ ਖਾਹਮਖਾਹ ਦੀ ਮੁਕੱਦਮੇਬਾਜ਼ੀ ਤੋਂ ਬਚਿਆ ਜਾ ਸਕੇ।

ਸਕੱਤਰ ਪ੍ਰਸੋਨਲ

ਸੇਵਾ ਵਿਖੇ

ਰਾਜ ਦੇ ਸਮੂਹ ਵਿਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 17/42/2011-3ਪੀਪੀ1/770 ਮਿਤੀ, ਚੰਡੀਗੜ੍ਹ: 8-11-11

(153)

7/60/2006-5ਪੀ.ਪੀ.1/794

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਸੀ-1 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ, ਕਮਿਸ਼ਨਰਜ਼ ਆਫ ਡਵੀਜਨ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾਂ ਅਤੇ ਸੈਸਨ ਜੱਜ ਅਤੇਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟ੍ਰੇਟ(ਸਿਵਲ) ਪੰਜਾਬ।

ਮਿਤੀ, ਚੰਡੀਗੜ੍ਹ 17.11.2011

ਵਿਸ਼ਾ : ਸਾਲ 2006 ਦੀ ਐਸ਼ੋਰਡ ਕੈਰੀਅਰ ਪ੍ਰੋਗਰੇਸ਼ਨ ਸਕੀਮ ਨੂੰ ਮੁੜ ਸੁਰਜੀਤ ਕਰਨ ਬਾਰੇ।

***

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸੰਬੋਧਤ ਕਰਨ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਰਾਜ ਸਰਕਾਰ ਦੇ ਗਸ਼ਤੀ ਪੱਤਰ ਨੰ: 7/60/2006-5ਪੀ.ਪੀ.1/15963, ਮਿਤੀ 3.11.2006 ਰਾਹੀਂ ਏ.ਸੀ.ਪੀ. ਸਕੀਮ ਲਾਗੂ ਕੀਤੀ ਗਈ ਸੀ ਅਤੇ ਬਾਅਦ ਵਿੱਚ ਇਹ ਸਕੀਮ ਪੱਤਰ ਨੰ: 7/70/09-5ਪੀ.ਪੀ.1/748, ਮਿਤੀ 3.2.2010 ਰਾਹੀਂ ਰੋਕ ਵਿੱਚ ਰੱਖੀ ਗਈ ਸੀ ਕਿਉਂਕਿ ਇਸ ਸਬੰਧੀ ਇਕ ਵੱਖਰੀ ਪਾਲਿਸੀ ਜਾਰੀ ਕਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਸੀ। ਇਸ ਤਰ੍ਹਾਂ ਸਰਕਾਰ ਵਲੋਂ ਪੰਜਾਬ ਸਿਵਲ ਸਰਵਿਸਜ (ਐਸ਼ੋਅਰਡ ਕੈਰੀਅਰ ਪ੍ਰੋਗਰੇਸਨ) ਰੂਲਜ਼, 2011 ਮਿਤੀ 22.07.2011 ਨੂੰ ਨੋਟੀਫਾਈ ਕਰਦੇ ਹੋਏ ਮਿਤੀ 28.5.2009 ਤੋਂ ਲਾਗੂ ਕੀਤਾ ਗਿਆ। ਹੁਣ ਸਰਕਾਰ ਵਲੋਂ ਇਸ ਮਾਮਲੇ ਤੇ ਵਿਚਾਰ ਕਰਨ ਉਪਰੰਤ ਮੁੜ ਏ.ਸੀ.ਪੀ. ਸਕੀਮ 2006 ਨੂੰ ਪੀ.ਸੀ.ਐਸ.(ਏ.ਸੀ.ਪੀ) ਰੂਲਜ਼ 2011 ਦੀ ਥਾਂ ਤੇ ਮਿਤੀ 1.12.2011 ਤੋਂ ਸੁਰਜੀਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

2\. ਮੈਨੂੰ ਇਹ ਵੀ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਪੀ.ਸੀ.ਐਸ.(ਏ.ਸੀ.ਪੀ) ਰੂਲਜ਼ 2011 ਅਧੀਨ ਜੇਕਰ ਕਿਸੇ ਵਲੋਂ ਕੋਈ ਲਾਭ ਲਿਆ ਗਿਆ ਹੈ ਤਾਂ ਉਹ ਵਾਪਿਸ ਨਹੀਂ ਲਿਆ ਜਾਵੇਗਾ।

ਵਧੀਕ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ

ਵੱਲ

ਸਮੂਹ ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅ.ਵਿ.ਪੱ.ਨੰ: 7/60/2006-5ਪੀ.ਪੀ.1/795 ਮਿਤੀ, ਚੰਡੀਗੜ੍ਹ 17-11-2011

ਪਿੱ.ਅੰ.ਨੰ : 7/60/2006-5ਪੀ.ਪੀ.1/796-97 ਮਿਤੀ, ਚੰਡੀਗੜ੍ਹ 17.11.2011

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ, ਅਤੇ
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ ਪ੍ਰਸੋਨਲ

(154)

ਨੰ: 7/60/06-5ਪੀ.ਪੀ.1(ਪ.ਫ.)/801

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰਜ਼ ਅਤੇ
ਪੰਜਾਬ ਰਾਜ ਦੇ ਸਮੂਹ ਸਬ ਡਵੀਜ਼ਨਲ ਮੈਜਿਸਟ੍ਰੇਟ।

ਮਿਤੀ, ਚੰਡੀਗੜ੍ਹ : 21 ਨਵੰਬਰ, 2011

ਵਿਸ਼ਾ :- ਪੰਜਾਬ ਸਿਵਲ ਸਰਵਿਸਜ਼ (ਐਸ਼ੋਅਰਡ ਕੈਰੀਅਰ ਪ੍ਰੌਗਰੈਸ਼ਨ) ਰੂਲਜ਼, 2011 ਰੀਪੀਲ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਪੰਜਾਬ ਸਰਕਾਰ ਦੀ ਗਜ਼ਟ ਅਧਿਸੂਚਨਾ ਨੰ: G.S.R.81/Const./Art.187 and 309/2011, ਮਿਤੀ 17 ਨਵੰਬਰ, 2011 ਦੀ ਕਾਪੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜੀ ਜਾਂਦੀ ਹੈ। ਇਸ ਦੇ ਤੱਥ ਆਪਣੇ ਅਧੀਨ ਦਫ਼ਤਰਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ।

2. ਇਸ ਦੀ ਪੰਹੁਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ਪਾਤਰ,

ਸੁਪਰਡੰਟ

ਇਸ ਦਾ ਇਕ ਉਤਾਰਾ ਸਮੇਤ ਨੋਟੀਫਿਕੇਸ਼ਨ, ਮਿਤੀ 17 ਨਵੰਬਰ, 2011 ਦੀ ਕਾਪੀ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ,
ਅਤੇ ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ: 7/60/06-5ਪੀ.ਪੀ.1(ਪ.ਫ.)/ 802 ਮਿਤੀ, ਚੰਡੀਗੜ੍ਹ : 21-11-11

(155)

**GOVERNMENT OF PUNJAB**

DEPARTMENT OF PERSONNEL

(PERSONNEL POLICIES-1 BRANCH)

**Notification**

The 17th November, 2011

**No. G.S.R.81/Const./Art. 187 and 309/2011.**—In exercise of the powers conferred by the proviso to Article 309 read with clause (3) of Article 187 of the Constitution of India and all other powers enabling him in this behalf, the Governor of Punjab, after the consultation with the Speaker of the Punjab Vidhan Sabha, in so far as such consultation is necessary, in terms of the provisions of the clause (3) of the said article, is pleased to repeal the Government of Punjab, Department of Personnel, Notification No. G.S.R.52/Const./Art. 187 and 309/2011, dated the 22nd July, 2011, with effect from 1st December, 2011.

S.C. AGRAWAL,

Chief Secretary to Government of Punjab.

ਨੰ: 1/7/2011-4ਪੀ.ਪੀ.1/ 841

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼ - 1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾਂ ਅਤੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰਜ਼ ਅਤੇ
ਪੰਜਾਬ ਰਾਜ ਦੇ ਸਮੂਹ ਸਬ ਡਵੀਜ਼ਨ ਮੈਜਿਸਟ੍ਰੇਟ।

ਮਿਤੀ, ਚੰਡੀਗੜ੍ਹ : 6-12-11

ਵਿਸ਼ਾ :- Verification of Character and antecedents and medical certificate of fitness on first entry into Government service.

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 1/21/86-4PP1, ਮਿਤੀ 27 ਫਰਵਰੀ, 1987 ਜਿਸ ਰਾਹੀਂ ਸਰਕਾਰੀ ਨੌਕਰੀ ਵਿੱਚ ਜੁਆਇਨਿੰਗ ਤੋਂ ਪਹਿਲਾਂ ਉਮੀਦਵਾਰਾਂ ਦੀ ਚਾਲ-ਚੱਲਣ ਸਬੰਧੀ ਪੁਲਿਸ ਵੈਰੀਫਿਕੇਸ਼ਨ ਅਤੇ ਮੈਡੀਕਲ ਫਿਟਨੈਸ ਸਬੰਧੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਹਦਾਇਤਾਂ ਜਾਰੀ ਕਰਦੇ ਹੋਏ ਇਸ ਪੱਤਰ ਦੇ ਪੈਰਾ-3 ਤੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵੱਲੋਂ ਆਪਣੀ ਸਲਾਹ ਨਾਲ ਦਰਸਾਈ ਸਹਿਮਤੀ ਦਰਜ ਕੀਤੀ ਗਈ ਸੀ ਕਿ ਸਮਰੱਥ ਅਧਿਕਾਰੀ ਵੱਲੋਂ ਚਾਲ-ਚੱਲਣ ਸਬੰਧੀ ਵੈਰੀਫਿਕੇਸ਼ਨ ਰਿਪੋਰਟ ਸਬੰਧਤ ਵਿਭਾਗ ਨੂੰ ਹਵਾਲਾ ਪ੍ਰਾਪਤ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਭੇਜੀ ਜਾਵੇਗੀ।

2. ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਵਿਭਾਗਾਂ ਵੱਲੋਂ ਉਕਤ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਜਿਸ ਦੇ ਸਿੱਟੇ ਵੱਜੋਂ ਆਮ ਤੌਰ ਤੇ ਸਰਕਾਰੀ ਨੌਕਰੀ ਵਿੱਚ ਜੁਆਇਨਿੰਗ ਤੋਂ ਪਹਿਲਾਂ ਉਮੀਦਵਾਰਾਂ ਦੇ ਚਾਲ-ਚੱਲਣ ਸਬੰਧੀ ਪੁਲਿਸ ਵੈਰੀਫਿਕੇਸ਼ਨ ਮੁਕੰਮਲ ਹੋਣ ਵਿੱਚ 3-4 ਮਹੀਨੇ ਦਾ ਸਮਾਂ ਲੱਗ ਜਾਂਦਾ ਹੈ ਜਿਸ ਕਾਰਨ ਵੱਖ-ਵੱਖ ਵਿਭਾਗਾਂ ਵਿੱਚ ਉਨਾਂ ਦੀ ਭਰਤੀ ਸਬੰਧੀ ਪ੍ਰਕੀਰਿਆ ਵਿੱਚ ਕਾਫੀ ਦਿੱਕਤਾਂ ਪੇਸ਼ ਆਉਂਦੀਆਂ ਹਨ।

3. ਇਸ ਲਈ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 1/21/86-4PP1, ਮਿਤੀ 27 ਫਰਵਰੀ, 1987 ਰਾਹੀਂ ਜਾਰੀ ਹਦਾਇਤਾਂ ਮੁੜ ਦੁਹਰਾਉਂਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

4. ਇਸ ਦੀ ਪੰਹੁਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ਪਾਤਰ,

ਵਧੀਕ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ,
ਅਤੇ ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ: 1/7/2011-4ਪੀ.ਪੀ.1/ 842 ਮਿਤੀ, ਚੰਡੀਗੜ੍ਹ : 6-12-11

(158)

7/54/2011-2ਪੀ.ਪੀ.1/ 851

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਸੀ-1 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ, ਮੰਡਲਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾਂ ਅਤੇ ਸੈਸਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟ੍ਰੇਟ(ਸਿਵਲ) ਪੰਜਾਬ।

ਮਿਤੀ, ਚੰਡੀਗੜ੍ਹ 12-12-2011

ਵਿਸ਼ਾ : ਸਲਾਨਾ ਗੁਪਤ ਰਿਪੋਰਟਾਂ ਨੂੰ ਸਮੇਂ ਸਿਰ ਲਿਖਣ ਅਤੇ ਰਿਕਾਰਡ ਮੁਕੰਮੱਲ ਕਰਨ ਬਾਰੇ।

***

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸੰਬੋਧਨ ਕਰਨ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਅਧਿਕਾਰੀਆਂ ਵਲੋਂ ਆਪਣੇ ਅਧੀਨ ਅਮਲੇ ਦੀਆਂ ਸਲਾਨਾਂ ਗੁਪਤ ਰਿਪੋਰਟਾਂ ਸਮੇਂ ਤੇ ਨਹੀਂ ਲਿਖੀਆਂ ਜਾਂਦੀਆਂ ਹਾਲਾਕਿ ਹਦਾਇਤਾਂ ਵਿੱਚ ਹਰ ਪੱਧਰ ( ਰਿਪੋਰਟ ਕਰਤਾ ਅਧਿਕਾਰੀ/ਰੀਵੀਊ ਕਰਤਾ ਅਧਿਕਾਰੀ/ਪ੍ਰਵਾਨ ਕਰਤਾ ਅਧਿਕਾਰੀ) ਦਾ ਰਿਪੋਰਟਾਂ ਦਰਜ ਕਰਨ ਲਈ ਸਮਾਂ ਨਿਸਚਿਤ ਹੈ। ਕਿਉਂਜੋ ਸਲਾਨਾ ਗੁਪਤ ਰਿਪੋਰਟਾਂ ਰਾਜ ਸਰਕਾਰ ਦੇ ਕਰਮਚਾਰੀਆਂ/ਅਧਿਕਾਰੀਆਂ ਦੇ ਸੇਵਾ ਮਾਮਲਿਆਂ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਇਨ੍ਹਾਂ ਸਲਾਨਾ ਗੁਪਤ ਰਿਪੋਰਟਾਂ ਦੀ ਅਣਹੋਂਦ ਵਿੱਚ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਮਾਮਲਿਆਂ ਨੂੰ ਵਿਚਾਰਦੇ ਸਮੇਂ ਔਕੜਾ ਆਉਂਦੀਆਂ ਹਨ ਅਤੇ ਬਹੁਤ ਵਾਰ ਬੇਲੋੜੀ ਲਿਟੀਗੇਸ਼ਨ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਨ੍ਹਾਂ ਮਾਮਲਿਆਂ ਨੂੰ ਨਿਪਟਾਉਣ ਲਈ ਫਿਰ ਪ੍ਰਬੰਧਕੀ ਵਿਭਾਗ, ਪ੍ਰਸੋਨਲ ਵਿਭਾਗ ਨੂੰ ਪਹੁੰਚ ਕਰਦੇ ਹਨ, ਜਦੋਂ ਕਿ ਪ੍ਰਸਨਲ ਵਿਭਾਗ ਵਲੋਂ ਵੀ ਹਦਾਇਤਾਂ ਦੇ ਦਾਇਰੇ ਵਿੱਚ ਰਹਿੰਦੇ ਹੋਏ ਹੀ ਸਲਾਹ ਆਦਿ ਦਿੱਤੀ ਜਾਂ ਸਕਦੀ ਹੈ।

2. ਉਪਰੋਕਤ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਸਮੂਹ ਅਧਿਕਾਰੀਆਂ/ਅਥਾਰਟੀਆ ਵੱਲੋਂ ਹਦਾਇਤਾ ਵਿੱਚ ਤਹਿ ਕੀਤੀ ਗਈ ਸਮਾਂ ਸਾਰਣੀ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਹਰ ਕਾਡਰ ਵਿੱਚ ਕਾਡਰ ਕੰਟਰੋਲਿੰਗ ਅਥਾਰਟੀ ਹਦਾਇਤਾ ਅਨੁਸਾਰ ਰਿਕਾਰਡ ਮੁਕੰਮਲ ਕਰਾਉਣ ਲਈ ਸਮਾਂ ਰਹਿੰਦੇ ਯੋਗ ਉਪਰਾਲੇ ਕਰਨ ਤਾਂ ਜੋ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਮਾਮਲੇ ਸਮੇਂ ਤੇ ਨਿਪਟਾਏ ਜਾ ਸਕਣ ਅਤੇ ਬੇਲੋੜੀ ਲਿਟੀਗੇਸ਼ਨ ਤੋਂ ਬਚਿਆ ਜਾ ਸਕੇ। ਇਸ ਲਈ ਕਾਡਰ ਕੰਟਰੋਲਿੰਗ ਅਥਾਰਿਟੀ ਹਦਾਇਤਾਂ ਅਨੁਸਾਰ ਰਿਕਾਰਡ ਮੁਕੰਮਲ ਕਰਵਾਉਣ ਲਈ ਸਮਾਂ ਰਹਿੰਦੇ ਯੋਗ ਉਪਰਾਲੇ ਕਰਨ ਅਤੇ <u>ਪ੍ਰਬੰਧਕੀ ਵਿਭਾਗ ਹਰ ਸਾਲ ਜਨਵਰੀ ਮਹੀਨੇ ਵਿਚ ਏ.ਸੀ.ਆਰ. ਦਾ ਰਿਕਾਰਡ ਮੁਕੰਮਲ ਕਰਨ ਸਬੰਧੀ ਸਥਿਤੀ ਰੀਵਿਊ ਕਰਨ।</u> ਜੇਕਰ ਮੁਕੰਮਲ ਗੁਪਤ ਰਿਕਾਰਡ ਦੀ ਅਣਹੋਂਦ ਕਾਰਣ ਕੋਈ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਿਤ ਕਾਡਰ ਕੰਟਰੋਲਿੰਗ ਅਥਾਰਿਟੀ ਦੀ ਹੋਵੇਗੀ।

ਵਧੀਕ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ

ਵੱਲ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 7/54/2011-2ਪੀ.ਪੀ.1/ 852 ਮਿਤੀ, ਚੰਡੀਗੜ੍ਹ: 12-12-11

159

7/60/2006-5ਪੀ.ਪੀ.1/876

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਸੀ-1 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ, ਡਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾਂ ਅਤੇ ਸੈਸਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟ੍ਰੇਟ(ਸਿਵਲ) ਪੰਜਾਬ।

ਮਿਤੀ, ਚੰਡੀਗੜ੍ਹ 20-12-2011

ਵਿਸ਼ਾ : ਮਿਤੀ 25.9.1998 (ਏ.ਸੀ.ਪੀ. ਸਕੀਮ 8,16,24,32), ਮਿਤੀ 3.11.2006 ਅਤੇ 17.4.2000 ਦੀ ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ ਸਕੀਮ ਮਿਤੀ 28.5.2009 ਤੋਂ ਮੁੜ ਸੁਰਜੀਤ ਕਰਨ ਬਾਰੇ।

***

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 7/60/2006-5ਪੀ.ਪੀ.1/15963, ਮਿਤੀ 3.11.2006 ਰਾਹੀਂ 4,9 ਅਤੇ 14 ਸਾਲਾ ਐਸ਼ਅਰਡ ਕੈਰੀਅਰ ਪ੍ਰੋਗਰੈਸ਼ਨ ਸਕੀਮ (ਏ.ਸੀ.ਪੀ. ਸਕੀਮ) ਮਿਤੀ 1-11-2006 ਤੋਂ ਲਾਗੂ ਕੀਤੀ ਗਈ ਸੀ ਅਤੇ ਇਹ ਸਕੀਮ ਇਸ ਵਿਭਾਗ ਦੇ ਪੱਤਰ 7/37/98-5ਪੀ.ਪੀ.1/12851, ਮਿਤੀ 25.09.1998 ਰਾਹੀਂ ਪਹਿਲਾ ਜਾਰੀ 8-16-24-32 ਸਾਲਾਂ ਏ.ਸੀ.ਪੀ. ਸਕੀਮ ਦੀ ਆਪਸ਼ਨਲ ਸੀ। ਇਨ੍ਹਾਂ ਸਕੀਮਾਂ ਤੋਂ ਇਲਾਵਾ ਮਿਤੀ 31.12.1995 ਨੂੰ 2200-4000 ਦੇ ਸਕੇਲ ਵਿੱਚ ਸਿੱਧੀ ਭਰਤੀ ਰਾਹੀਂ ਆਉਂਦੇ 11 ਕੈਟਾਗਰੀਆਂ ਦੇ ਅਧਿਕਾਰੀਆਂ/ਕਰਮਚਾਰੀਆਂ ਲਈ ਵੱਖਰੇ ਤੌਰ ਤੇ ਲਾਗੂ 4-9-14 ਸਾਲਾਂ ਏ.ਸੀ.ਪੀ.ਸਕੀਮ ਇਸ ਵਿਭਾਗ ਦੇ ਪੱਤਰ, ਮਿਤੀ 17.4.2000 ਰਾਹੀਂ ਜਾਰੀ ਕੀਤੀ ਗਈ ਸੀ। ਇਨ੍ਹਾਂ ਸਾਰੀਆਂ ਏ.ਸੀ.ਪੀ. ਸਕੀਮਾਂ ਨੂੰ ਇਸ ਵਿਭਾਗ ਦੇ ਗਸ਼ਤੀ ਪੱਤਰ 7/70/09-5ਪੀਪੀ1/748 ਮਿਤੀ 3-2-2010 ਰਾਹੀਂ ਮਿਤੀ 27-5-2009 ਤੋਂ ਰੋਕ ਵਿਚ ਰੱਖ ਲਿਆ ਗਿਆ ਸੀ ਕਿਉਂਕਿ 5ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਸਨਮੁੱਖ ਇਨ੍ਹਾਂ ਦੀ ਥਾਂ ਤੇ ਨਵੇਂ ਪੰਜਾਬ ਸਿਵਲ ਸੇਵਾਵਾਂ (ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ) ਰੂਲਜ਼ ਬਣਾਉਣ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਸੀ। ਇਹ ਰੂਲਜ ਇਸ ਵਿਭਾਗ ਦੀ ਨੋਟੀਫਿਕੇਸ਼ਨ ਮਿਤੀ 22-7-2011 ਰਾਹੀਂ ਮਿਤੀ 28-5-2009 ਤੋਂ ਲਾਗੂ ਕੀਤੇ ਗਏ ਸਨ ਪਰੰਤੂ ਬਾਅਦ ਵਿਚ ਨੋਟੀਫਿਕੇਸ਼ਨ, ਮਿਤੀ 17-11-2011 ਰਾਹੀਂ ਮਿਤੀ 1.12.2011 ਤੋਂ ਰੀਪੀਲ (Repeal) ਕਰ ਦਿੱਤੇ ਗਏ ਸਨ ਅਤੇ ਨਾਲ ਹੀ ਇਸ ਵਿਭਾਗ ਦੇ ਉਕਤ ਗਸ਼ਤੀ ਪੱਤਰ ਨੰ:7/60/2006-5ਪੀ.ਪੀ.1/15963,

ਮਿਤੀ 3-11-2006 ਰਾਹੀਂ ਜਾਰੀ ਕੀਤੀ ਪਹਿਲੀ ਏ.ਸੀ.ਪੀ. ਸਕੀਮ ਨੂੰ ਮਿਤੀ 01.12.2011 ਤੋਂ ਮੁੜ ਸੁਰਜੀਤ ਕਰਨ ਦਾ ਫੈਸਲਾ ਕੀਤਾ ਗਿਆ ਸੀ।

2. ਹੁਣ ਸਰਕਾਰ ਵੱਲੋਂ ਇਸ ਮਾਮਲੇ ਤੇ ਮੁੜ ਵਿਚਾਰ ਕਰਦੇ ਹੋਏ ਮਿਤੀ 3.11.2006 ਦੀ ਏ.ਸੀ.ਪੀ. ਸਕੀਮ ਨੂੰ ਮਿਤੀ 1.12.2011 ਦੀ ਬਜਾਏ *ਮਿਤੀ 28.5.2009 ਤੋਂ ਮੁੜ ਬਹਾਲ ਕੀਤਾ ਜਾਂਦਾ ਹੈ ਅਤੇ ਇਸ ਸਕੀਮ ਦੇ ਤਹਿਤ ਬਣਦਾ ਲਾਭ ਪ੍ਰਾਪਤ ਕਰਨ ਵਾਲੇ ਕਰਮਚਾਰੀਆਂ ਨੂੰ ਬਣਦੇ ਬਕਾਏ ਦੀ ਅਦਾਇਗੀ ਵੀ ਕੀਤੀ ਜਾਵੇਗੀ। ਇਸ ਤਰ੍ਹਾਂ ਸੋਧੀ ਹੋਈ ਨਵੀਂ ਸਕੀਮ ਭਾਵ ਪੰਜਾਬ ਸਿਵਲ ਸੇਵਾਵਾਂ (ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ) ਰੂਲਜ਼, 2011, ਜੋ ਕਿ ਮਿਤੀ 22 ਜੁਲਾਈ, 2011 ਦੀ ਨੋਟੀਫਿਕੇਸ਼ਨ ਰਾਹੀਂ ਜਾਰੀ ਕੀਤੀ ਗਈ ਸੀ, ਰੱਦ (Rescind) ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮਿਤੀ 25.9.1998 ਅਤੇ ਮਿਤੀ 17.4.2000 ਨੂੰ ਜਾਰੀ ਕੀਤੀਆਂ ਏ.ਸੀ.ਪੀ. ਸਕੀਮਾਂ ਵੀ ਮਿਤੀ 28 ਮਈ, 2009 ਤੋਂ ਮੁੜ ਬਹਾਲ ਕੀਤੀਆਂ ਜਾਂਦੀਆਂ ਹਨ।*

3. ਉਪਰੋਕਤ ਤੋਂ ਇਲਾਵਾ ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਅਤੇ ਕੁੱਝ ਹੋਰ ਸ਼੍ਰੇਣੀਆਂ ਦੇ ਅਧਿਕਾਰੀਆਂ ਤੇ ਲਾਗੂ ਡਾਇਨੈਮਿਕ ਏ.ਸੀ.ਪੀ.ਸਕੀਮ (Dynamic A.C.P.Scheme) ਦੇ ਤਹਿਤ ਦਿੱਤਾ ਜਾਂਦਾ ਲਾਭ ਕ੍ਰਮਵਾਰ 4-9-14 ਸਾਲ ਦੀ ਸੇਵਾ ਪੂਰੀ ਕਰਨ ਦੀ ਮਿਤੀ ਤੋਂ ਬਾਅਦ ਆਉਣ ਵਾਲੇ ਜਨਵਰੀ ਮਹੀਨੇ ਦੀ ਪਹਿਲੀ ਤਰੀਕ ਤੋਂ ਦੇਣ ਦੀ ਬਜਾਏ ਹੁਣ ਇਹ ਲਾਭ 4-9-14 ਸਾਲ ਦੀ ਸੇਵਾ ਮੁਕੰਮਲ ਹੋਣ ਉਪਰੰਤ ਤੁਰੰਤ ਮਿਤੀ ਤੋਂ ਦਿੱਤਾ ਜਾਵੇਗਾ। ਇਹ ਫੈਸਲ ਮਿਤੀ 1 ਦਸੰਬਰ, 2011 ਤੋਂ ਲਾਗੂ ਹੋਵੇਗਾ।

ਵਧੀਕ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦਖ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ

ਵੱਲ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 7/60/2006-5ਪੀ.ਪੀ.1/877 ਮਿਤੀ, ਚੰਡੀਗੜ੍ਹ: 20-12-2011

ਪਿੱ.ਅੰ.ਨੰ: 7/60/2006-5ਪੀ.ਪੀ.1/ 878-879 ਮਿਤੀ, ਚੰਡੀਗੜ੍ਹ: 20-12-2011

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ, ਅਤੇ
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ ਪ੍ਰਸੋਨਲ

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਸੀ-1 ਸ਼ਾਖਾ)

ਵਿਸ਼ਾ : ਮਿਤੀ 17.4.2000 ਦੀ ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ ਸਕੀਮ ਵਿਚ ਦਰਜ 11 ਕੈਟਾਗਰੀਆਂ ਵਿਚ ਪਾਲੀਟੈਕਨਿਕ ਲੈਕਚਰਾਰਾਂ ਨੂੰ ਬਤੌਰ 12ਵੀਂ ਕੈਟਾਗਰੀ ਵਜੋਂ ਸ਼ਾਮਿਲ ਕਰਨ ਬਾਰੇ।

***

ਪ੍ਰੱਮੁਖ ਸਕੱਤਰ,ਪੰਜਾਬ ਸਰਕਾਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿੱਖਲਾਈ ਵਿਭਾਗ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰਨ।

2. ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 7/84/98-5ਪੀਪੀ1/4426, ਮਿਤੀ 17.4.2000, ਪੱਤਰ ਨੰ 7/124/2001/5ਪੀਪੀ1/18350 ਮਿਤੀ 7/12/2007 ਅਤੇ ਪੱਤਰ ਨੰ 7/63/2002-5ਪੀਪੀ1/484 ਮਿਤੀ 30.7.2010 ਰਾਹੀਂ ਵੱਖ-ਵੱਖ ਵਿਭਾਗਾ ਦੀਆਂ 11 ਕੈਟਾਗਰੀਆਂ ਨੂੰ ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ ਸਕੀਮ ਹੇਠ ਲਿਆਂਦਾ ਗਿਆ ਸੀ। ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 7/70/2009-5ਪੀਪੀ1/748-50, ਮਿਤੀ 3.2.2010 ਰਾਹੀਂ ਏ.ਸੀ.ਪੀ. ਦੀਆਂ ਵੱਖ ਵੱਖ ਚਲਦੀਆਂ ਸਕੀਮਾ ਨੂੰ ਮਿਤੀ 27.5.2009 ਤੋਂ ਰੋਕ ਵਿਚ ਰੱਖ ਲਿਆ ਗਿਆ ਸੀ ਕਿਉਂਕਿ ਪੰਜਵੇਂ ਤਨਖਾਹ ਦੀਆਂ ਸਿਫਾਰਸ਼ਾਂ ਦੇ ਸਨਮੁੱਖ ਇਨ੍ਹਾਂ ਦੀ ਥਾਂ ਤੇ ਰੂਲਜ਼ ਬਣਾਉਣ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਸੀ। ਸਰਕਾਰ ਵਲੋਂ ਮਾਮਲੇ ਤੇ ਵਿਚਾਰ ਕਰਨ ਉਪਰੰਤ ਇਸ ਵਿਭਾਗ ਦੀ ਨੋਟਿਫਿਕੇਸ਼ਨ ਨੰ: G.S.R.52/Const./Articles/187 and 309/2011 ਮਿਤੀ 22.7.2011 ਰਾਹੀਂ ਪੰਜਾਬ ਸਿਵਲ ਸੇਵਾਵਾਂ (ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ) ਰੂਲਜ, 2011 ਨੂੰ ਮਿਤੀ 28.5.2009 ਤੋਂ ਭਾਵ ਜਿਸ ਮਿਤੀ ਤੋਂ ਏ.ਸੀ.ਪੀ. ਦੀਆਂ ਸਕੀਮਾਂ ਤੇ ਰੋਕ ਲਗਾਈ ਸੀ, ਲਾਗੂ ਕਰ ਦਿੱਤਾ ਗਿਆ ਸੀ ਜਿਨ੍ਹਾਂ ਵਿਚ ਉਕਤ 11 ਕੈਟਾਗਰੀਆਂ ਨੂੰ ਡਾਇਨਾਮਿਕ ਐਸ਼ੋਅਰਡ ਕੈਰੀਅਰ ਪ੍ਰੋਗਰੈਸ਼ਨ (D.A.C.P.) ਸਕੀਮ ਅਧੀਨ ਲਿਆਂਦਾ ਗਿਆ ਸੀ। ਇਨ੍ਹਾਂ ਰੂਲਾਂ ਵਿੱਚ ਹੀ ਇਸ ਵਿਭਾਗ ਦੀ ਨੋਟਿਫਿਕੇਸ਼ਨ ਨੰ: G.S.R.82/Const./Art.309/Amd.(1)/2011, ਮਿਤੀ 21-11-2011 ਰਾਹੀਂ ਸੋਧ ਕਰਦੇ ਹੋਏ ਤਕਨੀਕੀ ਸਿੱਖਿਆ ਵਿਭਾਗ ਦੇ ਪਾਲੀਟੈਕਨੀਕਲ ਲੈਕਚਰਾਰਾਂ ਨੂੰ ਵੀ ਮਿਤੀ 28-5-2009 ਤੋਂ 12ਵੀਂ ਕੈਟਾਗਰੀ ਵਜੋਂ ਹੇਠ ਲਿੱਖਿਆ ਸ਼ਰਤਾ ਅਧੀਨ ਸ਼ਾਮਲ ਕੀਤਾ ਗਿਆ ਸੀ:-

> "The benefit of Dynamic Assured Career Progression Scheme under the Rules shall be admissible to the government employees of this category, who were directly appointed in the pay scale of Rs. 2200-4000 (3rd Pay Commission) and then Rs. 7880-13500 (4th Pay Commission) and now Rs. 15600 – 39100 + Grade Pay 5400 (5th Pay Commission) subject to the condition that they shall not be entitled to opt for the pay scales as per norms of the University Grants Commission or the All India Council of Technical Education. The benefit given to them under an old ACP Scheme shall be withdrawn and any payment made on this account shall be adjusted against the benefit given under these rules."

ਇਸ ਵਿਭਾਗ ਦੀ ਨੋਟਿਫਿਕੇਸ਼ਨ ਨੰ: G.S.R.81/Const./Articles/187 and 309/2011, ਮਿਤੀ 17.11.2011 ਰਾਹੀਂ ਇਹ ਨਿਯਮ ਮਿਤੀ 1.12.2011 ਤੋਂ ਰੀਪੀਲ ਕੀਤਾ ਗਿਆ।

3. ਸਰਕਾਰ ਵਲੋਂ ਮਾਮਲੇ ਤੇ ਮੁੜ ਵਿਚਾਰ ਕਰਦੇ ਹੋਏ ਮਿਤੀ 03.11.2006, ਮਿਤੀ 25.09.1998 ਤੇ ਮਿਤੀ 17.04.2000 ਦੀਆਂ ਏ.ਸੀ.ਪੀ. ਸਕੀਮਾਂ ਨੂੰ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 7/60/2006-5ਪੀ.ਪੀ.1/876, ਮਿਤੀ 20.12.2011 ਰਾਹੀਂ ਮਿਤੀ 1.12.2011 ਦੀ ਬਜਾਏ ਮਿਤੀ 28.5.2009 ਤੋਂ, ਭਾਵ ਜਿਸ ਮਿਤੀ ਤੋਂ ਪੰਜਾਬ ਸਿਵਲ ਸੇਵਾਵਾ (ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ) ਰੂਲਜ 2011

168

128



ਬਣਾਉਣ ਲਈ ਰੋਕ ਵਿੱਚ ਰੱਖਿਆ ਗਿਆ ਸੀ, ਮੁੜ ਬਹਾਲ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਸਿਵਲ ਸੇਵਾਵਾਂ (ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ) ਰੂਲਜ਼ 2011 ਨੂੰ ਮਿਤੀ 28-5-2009 ਤੋਂ ਹੀ ਖਤਮ ਕਰ ਦਿੱਤਾ ਗਿਆ ਹੈ। ਮਿਤੀ 17.04.2000 ਦੀ ਏ.ਸੀ.ਪੀ ਸਕੀਮ ਵਿੱਚ ਤਕਨੀਕੀ ਸਿੱਖਿਆ ਵਿਭਾਗ ਦੇ ਲੈਕਚਰਾਰਾਂ ਦਾ ਪਹਿਲਾਂ ਜ਼ਿਕਰ ਨਹੀਂ ਸੀ, ਜਦੋਂਕਿ ਪੰਜਾਬ ਸਿਵਲ ਸੇਵਾਵਾਂ (ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ) ਰੂਲਜ਼ 2011 ਵਿੱਚ ਮੰਤਰੀ ਮੰਡਲ ਦੇ ਫੈਸਲੇ ਅਨੁਸਾਰ ਇਸ ਕੈਟਾਗਰੀ ਨੂੰ ਬਤੌਰ 12ਵੀਂ ਕੈਟਾਗਰੀ ਵਜੋਂ ਸ਼ਾਮਿਲ ਕੀਤਾ ਗਿਆ ਸੀ। ਮੰਤਰੀ ਮੰਡਲ ਦੀ ਮਿਤੀ 10.12.2011 ਨੂੰ ਹੋਈ ਮੀਟਿੰਗ ਦੇ ਫੈਸਲੇ ਤੇ ਵਿੱਤ ਵਿਭਾਗ ਦੇ ਪੱਤਰ ਨੰ: 6/66/2010-4ਵਿ.ਪ੍ਰ.2/816, ਮਿਤੀ 19.12.2011 ਸਨਮੁੱਖ ਇਸ ਕੈਟਾਗਰੀ ਨੂੰ ਵੀ ਮਿਤੀ 17.4.2000 ਦੀ ਮੁੜ ਸੁਰਜੀਤ ਏ.ਸੀ.ਪੀ ਸਕੀਮ ਵਿੱਚ 12ਵੀਂ ਕੈਟਾਗਰੀ ਵਜੋਂ ਮਿਤੀ 28.5.2009 ਤੋਂ ਭਾਵ ਜਿਸ ਮਿਤੀ ਤੋਂ ਇਸ ਕੈਟਾਗਰੀ ਨੂੰ ਪੰਜਾਬ ਸਿਵਲ ਸੇਵਾਵਾਂ (ਅਸ਼ੋਰਡ ਪ੍ਰੋਗਰੈਸ਼ਨ ਕੈਰੀਅਰ ਸਕੀਮ) ਰੂਲਜ਼ 2011 ਵਿੱਚ ਡਾਇਨਾਮਿਕ ਐਸ਼ੋਰਿਡ ਕੈਰੀਅਰ ਪ੍ਰੋਗਰੈਸ਼ਨ ਸਕੀਮ ਅਧੀਨ 12ਵੀਂ ਕੈਟਾਗਰੀ ਵਜੋਂ ਸ਼ਾਮਿਲ ਕੀਤਾ ਗਿਆ ਸੀ ਉਪਰੋਕਤ ਪੈਰ੍ਹਾ 2 ਵਿੱਚ ਦਰਸਾਈਆਂ ਸ਼ਰਤਾਂ ਦੀ ਪ੍ਰਤੀ ਪੂਰਤੀ ਦੀ ਸ਼ਰਤ ਤੇ ਸ਼ਾਮਿਲ ਕਰ ਦਿੱਤਾ ਗਿਆ ਹੈ।

ਵਧੀਕ ਸਕੱਤਰ ਪ੍ਰਸੋਨਲ

ਵੱਲ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿੱਖਲਾਈ ਵਿਭਾਗ।

ਅੰ.ਵਿ.ਪੱ.ਨੰ: 7/60/2006-5ਪੀ.ਪੀ.1/881 ਮਿਤੀ, ਚੰਡੀਗੜ੍ਹ: 22.12.2011

ਇਸ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਨੂੰ ਉਨ੍ਹਾਂ ਦੇ ਅੰ.ਵਿ.ਪ.ਨੰ:6/26/2010-4ਵਿਪ੍ਰ2/139, ਮਿਤੀ 2.11.11 ਅਤੇ ਪੱਤਰ ਨੰ: 6/66/2010-4ਵਿ.ਪ੍ਰ.2/816, ਮਿਤੀ 19.12.2011ਦੇ ਸਬੰਧ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ

ਵੱਲ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ।

ਅੰ.ਵਿ.ਪੱ.ਨੰ: 7/60/2006-5ਪੀ.ਪੀ.1/882 ਮਿਤੀ, ਚੰਡੀਗੜ੍ਹ: 22.12.2011
ਪਿੱ.ਅੰ.ਨੰ: 7/60/2006-5ਪੀ.ਪੀ.1/ 883-84 ਮਿਤੀ, ਚੰਡੀਗੜ੍ਹ: 22.12.2011

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ, ਅਤੇ
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ ਪ੍ਰਸੋਨਲ

163

–121–



**GOVERNMENT OF PUNJAB**

DEPARTMENT OF PERSONNEL

(PERSONNEL POLICIES-1 BRANCH)

**Notification**

The 21st November, 2011

**No. G.S.R.82/Const./Art.309/Amd.(1)/2011.**—In exercise of the powers conferred by the proviso to Article 309 of the Constitution of India and all other powers enabling him in this behalf, the Governor of Punjab is pleased to make the following rules further to amend the Punjab Civil Services (Assured Career Progression) Rules, 2011, namely :—

RULES

1. (1) These rules may be called the Punjab Civil Services (Assured Career Progression) (First Amendment) Rules, 2011.

(2) They shall come into force on and with effect from 28th May, 2009.

2. In the Punjab Civil Services (Assured Career Progression) Rules, 2011, in the schedule, after Serial No. 11, the following Serial No. shall be added, namely :—

"12. Lecturer.

Department of Technical Education

*Explanation.*—The benefit of Dynamic Assured Career Progression Scheme under these Rules shall be admissible to the Government Employees of this Category, who were directly appointed in the pay scale of Rs. 2200—4000 (3rd Pay Commission) and then Rs. 7880—13500 (4th Pay Commission) and now Rs. 15600—39100+Grade Pay 5400 (5th Pay Commission) subject to the condition that they shall not be entitled to opt for the pay scales as per norms of the University Grants Commission or the All India Council of Technical Education. The benefit given to them under an old ACP Scheme shall be withdrawn and any payment made on this account shall be adjusted against the benefit given under these rules.".

S. C. AGRAWAL,

Chief Secretary to Government of Punjab.

*896 LR(P)—Govt. Press, U.T., Chd.*

ਨੰ: 1/3/96-3ਪੀਪੀ2/1588
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.-2 ਸ਼ਾਖਾ)

ਮਿਤੀ, ਚੰਡੀਗੜ੍ਹ 23 ਜਨਵਰੀ, 201[illegible]

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ
ਡਵੀਜ਼ਨਾਂ ਦੇ ਕਮਿਸ਼ਨਰ, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਮੈਜਿਸਟਰੇਟ (ਸਿਵਲ), ਪੰਜਾਬ।

ਵਿਸ਼ਾ:- ਤਰਸ ਦੇ ਆਧਾਰ ਤੇ ਕਲਰਕ ਦੀ ਅਸਾਮੀ ਵਿਰੁੱਧ ਨਿਯੁਕਤੀ ਲਈ ਪੰਜਾਬੀ ਟਾਈਪ ਟੈਸਟ ਪਾਸ ਕਰਨ ਤੋਂ ਛੋਟ ਦੇਣ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ [illegible] ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸ਼ਰਤਾਂ) ਨਿਯਮ 1994 ਅਧੀਨ [illegible] ਨਿਯੁਕਤ ਉਮੀਦਵਾਰਾਂ ਨੂੰ ਨਿਰਧਾਰਿਤ ਸਮੇਂ ਅੰਦਰ ਪੰਜਾਬੀ ਦਾ ਟਾਈਪ ਟੈਸਟ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਇਸ ਵਿਭਾਗ ਦੀਆਂ ਹਦਾਇਤਾਂ ਨੰ: 11/35/92-2ਪੀ.ਪੀ.2/7962, ਮਿਤੀ [illegible] ਜੂਨ, 1992 ਰਾਹੀਂ ਤਰਸ ਦੇ ਆਧਾਰ ਤੇ ਬਤੌਰ ਕਲਰਕ ਨਿਯੁਕਤੀ ਲਈ ਪੰਜਾਬੀ ਟਾਈਪ ਟੈਸਟ ਪਾਸ ਕਰਨ ਤੋਂ ਛੋਟ ਇਸ ਸ਼ਰਤ ਤੇ ਦਿੱਤੀ ਗਈ ਸੀ ਕਿ ਅਜਿਹੇ ਕਰਮਚਾਰੀਆਂ ਨੂੰ ਨਿਯੁਕਤੀ ਦੀ ਮਿਤੀ ਤੋਂ ਇਕ ਸਾਲ ਦੇ ਅੰਦਰ ਅੰਦਰ ਇਹ ਪੰਜਾਬੀ ਟਾਈਪ ਟੈਸਟ ਨਿਰਧਾਰਿਤ ਸਪੀਡ ਤੇ ਪਾਸ ਕਰਨਾ ਹੋਵੇਗਾ ਅਤੇ ਤਰਸ ਦੇ ਆਧਾਰ ਤੇ ਕੀਤੀਆਂ ਗਈਆਂ ਨਿਯੁਕਤੀਆਂ ਦੇ ਮਾਮਲਿਆਂ ਦੇ ਪਰਿਪੇਖ ਵਿਚ ਫੈਸਲਾ ਲਿਆ ਗਿਆ ਸੀ ਕਿ ਜਿਹੜੇ [illegible] ਨਿਸ਼ਚਿਤ ਸਮੇਂ ਵਿਚ ਪੰਜਾਬੀ ਦਾ ਟਾਈਪ ਟੈਸਟ ਪਾਸ ਨਹੀਂ ਕਰ ਸਕਣ, ਉਨ੍ਹਾਂ ਨੂੰ [illegible] ਉਦੋਂ ਤੱਕ ਨਾ ਦਿੱਤੀ ਜਾਵੇ [illegible] ਜਦੋਂ ਤੱਕ ਉਹ ਟਾਈਪ ਟੈਸਟ ਪਾਸ ਨਹੀਂ ਕਰ ਲੈਂਦੇ।

2. ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਤਰਸ ਦੇ ਆਧਾਰ ਤੇ ਨਿਯੁਕਤ ਹੋਏ [illegible] ਕਰਮਚਾਰੀਆਂ ਵਲੋਂ ਇਹ ਟੈਸਟ ਪਾਸ ਨਾ ਕਰ ਸਕਣ ਕਾਰਨ, ਉਨ੍ਹਾਂ ਨੂੰ ਬਹੁਤ ਸਾਰੀਆਂ [illegible] ਕਠਿਨਾਈਆਂ ਪੇਸ਼ ਆ ਰਹੀਆਂ ਹਨ, ਜਿਸ ਕਾਰਨ [illegible] ਪਰਿਵਾਰਾਂ ਦੀ ਮਾਲੀ ਹਾਲਤ ਤੇ [illegible] ਅਸਰ ਪੈ ਰਿਹਾ ਹੈ। [illegible] ਕਰਮਚਾਰੀਆਂ ਦੇ [illegible] ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਵਲੋਂ [illegible] ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤਕ ਤਰਸ ਦੇ ਆਧਾਰ ਤੇ ਭਰਤੀ ਕਲਰਕਾਂ ਨੂੰ [illegible] ਸੀਨੀਆਰਤਾ ਅਤੇ ਤਨਖਾਹ ਵਿਚ ਵਾਧਾ ਅਤੇ [illegible] ਵਿਭਾਗ

ਲਗਾਤਾਰ ਸਫਾ—2

ਨਿਰਧਾਰਿਤ ਕੰਪਿਊਟਰ ਟਾਈਪਿੰਗ [illegible] ਮੁਕੰਮਲ ਕਰਨ ਤੇ ਟਾਈਪ ਟੈਸਟ ਪਾਸ ਕਰਨ ਦੀ ਛੋਟ ਦੇ ਦਿੱਤੀ ਜਾਵੇ।

2. ਇਹ ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਸਮਝੀਆਂ ਜਾਣਗੀਆਂ।

3. ਇਹ ਹਦਾਇਤਾਂ ਵਿੱਤ ਵਿਭਾਗ ਵਲੋਂ ਉਹਨਾਂ ਦੇ ਅ.ਸ.ਪੱਤਰ ਨੰ.21/62/2010-3ਵਿ.ਪ੍ਰ.2/1401, ਮਿਤੀ 23-12-2011 ਰਾਹੀਂ ਦਿੱਤੀ ਗਈ ਪ੍ਰਵਾਨਗੀ ਦੇ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ।

4. ਇਹ ਹਦਾਇਤਾਂ ਸਾਰੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

ਵਿਸ਼ਵਾਸਪਾਤਰ

(ਕੁਲਦੀਪ ਸਿੰਘ)
ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਮੁੱਖ ਵਿੱਤੀ ਕਮਿਸ਼ਨਰ, ਪ੍ਰਸੋਨਲ ਸਕੱਤਰ ਅਤੇ ਪ੍ਰਬੰਧਕੀ ਸੁਧਾਰ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਮੁੱਖ ਵਿੱਤੀ ਕਮਿਸ਼ਨਰ,
ਪ੍ਰਸੋਨਲ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅ.ਸ.ਪੱ.ਨੰ. 13/2/96-3ਪੀਪੀ2/1589 ਮਿਤੀ, ਚੰਡੀਗੜ੍ਹ 23 ਦਸੰਬਰ, 2011

ਪਿੱਠ ਅੰਕਣ ਨੰ: 13/2/96-3ਪੀਪੀ2/1590 ਮਿਤੀ, ਚੰਡੀਗੜ੍ਹ 23 ਦਸੰਬਰ, 2011

ਉਪਰੋਕਤ ਦਾ ਇਕ ਉਤਾਰਾ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਨੂੰ ਉਹਨਾਂ ਦੇ ਅ.ਸ.ਪੱ.ਨੰ. 7/108/2011-5ਵਿਪ੍ਰ1/1024-95, ਮਿਤੀ 15 [illegible], 2011 ਅਤੇ ਅ.ਸ.ਪੱ.ਨੰ.21/62/2010-3ਵਿ.ਪ੍ਰ.2/1401, ਮਿਤੀ 23-12-2011 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

166

(7)

ਨੰ: 4/1/2008-2ਪੀਪੀ2/ 129
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਕਮਿਸ਼ਨਰਜ਼ ਆਫ ਡਵੀਜਨਜ਼;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 25-1-12

ਵਿਸ਼ਾ:- ਸਰਕਾਰੀ ਕਰਮਚਾਰੀ (ਆਚਰਣ) ਨਿਯਮਾਵਲੀ, 1966 ਦੇ ਨਿਯਮ 18 ਵਿੱਚ ਹੋਈ ਸੋਧ ਸਬੰਧੀ *CORRIGENDUM* ਜਾਰੀ ਕਰਨ ਬਾਰੇ।

----

ਸ਼੍ਰੀਮਤੀ/ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਇਸ ਵਿਭਾਗ ਦੇ ਪੱਤਰ ਨੰ: 4/1/2008-2ਪੀਪੀ2/1233 ਮਿਤੀ 19.9.2011 ਜਿਸ ਰਾਹੀਂ ਨੋਟੀਫਿਕੇਸ਼ਨ ਨੰ: **G.S.R.61/Const./Arts. 187, 309 and 318/ Amd. (10) 2011, ਮਿਤੀ 8.9.2011** ਨੂੰ ਜਾਰੀ ਕੀਤਾ ਗਿਆ ਸੀ, ਵੱਲ ਦਿਵਾਉਂਦੇ ਹੋਏ ਇਸ ਕੀਤੀ ਸੋਧ ਵਿੱਚ ਜਾਰੀ ਕੀਤੇ *CORRIGENDUM* ਮਿਤੀ 5 ਜਨਵਰੀ, 2012 ਦੀ ਕਾਪੀ ਭੇਜਣ ਦੀ ਹਦਾਇਤ ਹੋਈ ਹੈ।

2. ਆਪ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤਾਂ ਨੂੰ ਇਸ ਬਾਰੇ ਜਾਣੂ/ਪਾਲਣਾ ਕਰਵਾਉਣ ਹਿੱਤ ਨੋਟ ਕਰਵਾ ਦਿੱਤਾ ਜਾਵੇ।

3. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ
ਅਧੀਨ ਸਕੱਤਰ ਪ੍ਰਸੋਨਲ

ਉਕਤ ਦਾ ਉਤਾਰਾ ਇਸ ਵਿਭਾਗ ਦੇ ਅੰ.ਵਿ.ਪੱ. ਨੰ: 4/1/2008-2ਪੀਪੀ2/1234 ਮਿਤੀ 19.9.2011 ਜਿਸ ਰਾਹੀਂ ਨੋਟੀਫਿਕੇਸ਼ਨ ਨੰ: **G.S.R.61/Const./Arts. 187, 309 and 318/ Amd. (10) 2011, ਮਿਤੀ 8.9.2011** ਨੂੰ ਜਾਰੀ ਕੀਤਾ ਗਿਆ ਸੀ, ਵਿੱਚ ਜਾਰੀ ਕੀਤੇ *CORRIGENDUM* ਮਿਤੀ 5 ਜਨਵਰੀ, 2012 ਦੀ ਕਾਪੀ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: ਨੰ: 4/1/2008-2ਪੀਪੀ2/ 130 ਮਿਤੀ, ਚੰਡੀਗੜ੍ਹ: 25-1-2012

ਇਸ ਦਾ ਇੱਕ ਉਤਾਰਾ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਨ੍ਹਾਂ ਦੇ ਅੰ.ਵਿ.ਪੱ.ਨੰ: 1/318/2010-1ਕੈਬ/48, ਮਿਤੀ 6.1.2011 ਅਤੇ ਇਸ ਵਿਭਾਗ ਦੇ ਅੰ.ਵਿ.ਪੱ.ਨੰ: 4/1/2008-2ਪੀਪੀ2 /1235 ਮਿਤੀ 19.9.2011 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਵੱਲ

ਆਮ ਰਾਜ ਪ੍ਰਬੰਧ ਵਿਭਾਗ
(ਮੰਤਰੀ ਮੰਡਲ ਮਾਮਲੇ ਸ਼ਾਖਾ)

ਅੰ.ਵਿ.ਪੱ.ਨੰ: ਨੰ: 4/1/2008-2ਪੀਪੀ2/ 131 ਮਿਤੀ, ਚੰਡੀਗੜ੍ਹ: 25-1-2012

*CORRIGENDUM* ਮਿਤੀ 5 ਜਨਵਰੀ, 2012 ਦੀ ਕਾਪੀ ਪਿੱਛੇ ਪੰਨਾ ...2 ਤੇ

(8) — 2 — 167



**GOVERNMENT OF PUNJAB**

DEPARTMENT OF PERSONNEL

(PERSONNEL POLICIES-2 BRANCH)

*CORRIGENDUM*

The 5th January, 2012

In the Government of Punjab, Department of Personnel, Notification No. G.S.R. 61/Const./Arts. 187, 309 and 318/Amd. (10)/2011, dated the 8th September, 2011, published in the *Punjab Government Gazette (Extraordinary)*, dated the 9th September, 2011, in rule 1, in sub-rule (1), *For* "1911", *Read* "2011".

S.C. AGRAWAL,

Chief Secretary to Government of Punjab.

*1041 LR(P)—Govt Press, U.T., Chd.*

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਵਿਸ਼ਾ:- ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ: 4382 ਆਫ 2002 -ਸਤਵੀਰ ਸਿੰਘ ਅਤੇ ਹੋਰ ਬਨਾਮ ਹਰਿਆਣਾ ਸਟੇਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਨੂੰ ਲਾਗੂ ਕਰਨ ਬਾਰੇ ਜਾਰੀ ਹਦਾਇਤਾਂ ਸਨਮੁੱਖ ਇੱਕ-ਮੁਸ਼ਤ ਤਜਵੀਜ਼, ਏਜੰਡਾ ਅਤੇ ਕਮੇਟੀ ਦੀ ਵਰਤੋਂ ਲਈ ਨਿਰਧਾਰਿਤ ਪ੍ਰੋਫਾਰਮੇ ਵਿੱਚ ਸੂਚਨਾ ਉਪਲਬਧ ਕਰਵਾਉਣ ਸਬੰਧੀ।

******

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਵਲੋਂ ਅੰ.ਵਿ.ਪੱ.ਨੰ:12/39/2002-5ਪੀ.ਪੀ2/9406, ਮਿਤੀ 17 ਜੁਲਾਈ, 2002, ਅੰ.ਵਿ.ਪੱ.ਨੰ:12/39/2002-5ਪੀ.ਪੀ2/10960-63,ਮਿਤੀ 12-6-2003 ਅਤੇ ਅੰ. ਵਿ. ਪੱ.ਨੰ:12/39/2002-5ਪੀ.ਪੀ2/14406, ਮਿਤੀ 14-11-2008 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਹਵਾਲੇ ਅਧੀਨ ਪੱਤਰਾਂ ਰਾਹੀਂ ਸਿਵਲ ਰਿੱਟ ਪਟੀਸਨ ਨੰ: 4382 ਆਫ 2002 -ਸਤਬੀਰ ਸਿੰਘ ਅਤੇ ਹੋਰ ਬਨਾਮ ਹਰਿਆਣਾ ਸਟੇਟ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਦਿੱਤੇ ਗਏ ਨਿਰਦੇਸ਼ਾਂ ਨੂੰ ਲਾਗੂ ਕਰਨ ਬਾਰੇਪ੍ਰਸੋਨਲ ਵਿਭਾਗ ਵਲੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਪ੍ਰੰਤੂ ਵੇਖਣ ਵਿੱਚ ਆਇਆ ਹੈ ਕਿ ਜਿਨ੍ਹਾਂ ਪ੍ਰਬੰਧਕੀ ਵਿਭਾਗਾਂ ਵਲੋਂ ਤਜਵੀਜ਼ਾਂ ਪ੍ਰਾਪਤ ਹੋ ਰਹੀਆਂ ਹਨ, ਉਨ੍ਹਾਂ ਪ੍ਰਬੰਧਕੀ ਵਿਭਾਗਾਂ ਵਲੋਂ ਉਕਤ ਹਦਾਇਤਾਂ ਅਨੁਸਾਰ ਪਹਿਲਾਂ ਸਮਾਨਤਾ ਵਾਲੇ ਕੇਸਾਂ ਨੂੰ ਆਪਣੀ ਪੱਧਰ ਤੇ ਨਹੀਂ ਘੋਖਿਆ ਗਿਆ ਹੁੰਦਾ ਜਦੋਂਕਿ ਹਦਾਇਤਾਂ ਅਨੁਸਾਰ ਪ੍ਰਬੰਧਕੀ ਵਿਭਾਗ ਵਲੋਂ ਇਹ ਘੋਖਿਆ ਜਾਣਾ ਹੁੰਦਾ ਹੈ ਕਿ ਹਵਾਲੇ ਵਿੱਚ ਦਰਸਾਏ ਗਏ ਕੇਸ ਦੇ ਤੱਥ ਸਾਰੇ ਪੱਖਾਂ ਤੋ ਲਾਭਪਾਤਰੀ ਦੇ ਕੇਸ ਦੇ ਤੱਥਾਂ ਨਾਲ ਮੇਲ ਖਾਂਦੇ ਹਨ ਜਾਂ ਨਹੀਂ ? ਇਨ੍ਹਾਂ ਹਦਾਇਤਾਂ ਅਨੁਸਾਰ ਪ੍ਰਬੰਧਕੀ ਵਿਭਾਗਾਂ ਵਲੋਂ ਪਹਿਲਾਂ ਕਾਨੂੰਨੀ ਮਾਸ਼ੀਰ/ਵਿੱਤ ਵਿਭਾਗ/ਲਾਗੂ ਨਿਯਮਾਂ ਨਾਲ ਸਬੰਧਤ ਵਿਭਾਗ ਦੀ ਸਲਾਹ ਲੈਣੀ ਹੁੰਦੀ ਹੈ । ਪ੍ਰਬੰਧਕੀ ਵਿਭਾਗ ਵਲੋ ਮਾਨਯੋਗ ਕੋਰਟ ਦੇ ਜਿਹੜੇ ਫੈਸਲੇ ਦਾ ਹਵਾਲਾ ਦਿੱਤਾ ਗਿਆ ਹੁੰਦਾ ਹੈ, ਸਪਸ਼ਟ ਨਹੀਂ ਕੀਤਾ ਗਿਆ ਹੁੰਦਾ ਕਿ ਕੀ ਉਸ ਫੈਸਲੇ ਨੇ ਫਾਈਨੈਲਿਟੀ ਪ੍ਰਾਪਤ ਕਰ ਲਈ ਹੈ ਜਾਂ ਨਹੀਂ? ਪ੍ਰਬੰਧਕੀ ਵਿਭਾਗ ਵਲੋਂ ਕੇਸ ਵਿੱਤ ਵਿਭਾਗ ਨੂੰ ਭੇਜਦੇ ਹੋਏ ਉਸ ਕੇਸ ਵਿੱਚ ਪ੍ਰਾਰਥੀ ਨੂੰ ਦਿੱਤੇ ਜਾਣ ਵਾਲੇ ਲਾਭਾਂ ਕਾਰਨ ਪੈਣ ਵਾਲੇ ਵਿੱਤੀ ਬੋਝ ਦਾ ਵੇਰਵਾ ਨਹੀਂ ਦਰਸਾਇਆ ਜਾਂਦਾ।

ਉਪਰੋਕਤ ਤੱਥਾਂ ਦੀ ਅਣਹੋਂਦ ਵਿੱਚ ਜਿੱਥੇ ਵਾਧੂ ਦੀ ਲਿਖਾਪੜ੍ਹੀ ਕਾਰਨ ਮਾਮਲੇ ਵਿੱਚ ਬੇਲੋੜੀ ਦੇਰੀ ਹੋਣ ਕਾਰਨ ਲਾਭ-ਪਾਤਰਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਕਮੇਟੀ ਸਾਹਮਣੇ ਪੂਰੇ ਤੱਥ ਨਾ ਹੋਣ ਦੀ ਸੂਰਤ ਵਿੱਚ ਫੈਸਲਾ ਕਰਨ ਵਿੱਚ ਦਿੱਕਤ ਆਉਂਦੀ ਹੈ ਤੇ ਗਲਤ ਫੈਸਲੇ ਦਾ ਵੀ ਖਦਸ਼ਾ ਹੋ ਸਕਦਾ ਹੈ।

3. ਇਸ ਲਈ ਸਮੂਹ ਵਿਭਾਗਾਂ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਸੀਮੀਲਰ

ਚਲਦਾ -2

ਸੀਰਿਉਏਟਿਡ ਕੇਸ ਇਸ ਵਿਭਾਗ ਨੂੰ ਭੇਜਣ ਤੋਂ ਪਹਿਲਾਂ ਹਦਾਇਤਾਂ ਅਨੁਸਾਰ ਅਪਣਾਈ ਜਾਣ ਵਾਲੀ ਕਾਰਜਵਿਧੀ ਮੁਕੰਮਲ ਕਰਕੇ ਅਤੇ ਨਾਲ ਨੱਥੀ ਕੀਤੇ ਪ੍ਰੋਫਾਰਮੇ ਅਨੁਸਾਰ ਐਨੋਟੇਟਿਡ ਫਾਰਮ ਵਿੱਚ ਸੂਚਨਾ ਭੇਜਦੇ ਹੋਏ ਆਪਣੀਆਂ ਮੁਕੰਮਲ ਅਤੇ ਸਪਸ਼ਟ ਤਜਵੀਜ਼ਾਂ ਸਮੇਤ ਏਜੰਡਾ ਇਸ ਵਿਭਾਗ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਦੀ ਵਿਚਾਰ ਲਈ ਭੇਜੀਆਂ ਜਾਇਆ ਕਰਨ ਤਾਂ ਜੋ ਅਜਿਹੇ ਕੇਸਾਂ ਦਾ ਤੁਰੰਤ ਉਚਿਤ ਫੈਸਲਾ ਹੋ ਸਕੇ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ,

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ:12/39/2002-5ਪੀ.ਪੀ2/224 ਮਿਤੀ, ਚੰਡੀਗੜ੍ਹ, 22-2-2012

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਕਾਨੂੰਨੀ ਮਸ਼ੀਰ, ਪੰਜਾਬ, ਚੰਡੀਗੜ੍ਹ;
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;
3. ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ,

1. ਕਾਨੂੰਨੀ ਮਸ਼ੀਰ, ਪੰਜਾਬ, ਚੰਡੀਗੜ੍ਹ;
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;
3. ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ।

ਅੰ.ਵਿ.ਪੱ.ਨੰ:12/39/2002-5ਪੀ.ਪੀ2/225-227 ਮਿਤੀ, ਚੰਡੀਗੜ੍ਹ, 22-2-2012

**Subject:-** ਸਿਵਲ ਰਿੱਟ ਪਟੀਸ਼ਨ ਨੰ:4382 ਆਫ 2002-ਸਤਬੀਰ ਸਿੰਘ ਬਨਾਮ ਹਰਿਆਣਾ ਸਟੇਟ ਅਤੇ ਹੋਰ ਵਿੱਚ ਜਾਰੀ ਨਿਰਦੇਸ਼ਾਂ ਦੇ ਸਨਮੁੱਖ ਸਰਕਾਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਮਿਤੀ 17-2-2002 ਅਤੇ 12-6-2003 ਸਬੰਧੀ ਮਾਨਯੋਗ ਮੁੱਖ ਸਕੱਤਰ ਜੀ ਦੀ ਪ੍ਰਧਾਨਗੀ ਹੇਠ ਸੀਮੀਲਰ ਸੀਚਿਊਏਟਿਡ ਕੇਸਾਂ ਬਾਰੇ ਫੈਸਲਾ ਲੈਣ ਲਈ ਕਮੇਟੀ ਵਿੱਚ ਵਿਚਾਰਨ ਲਈ ਸੂਚਨਾ ਸਬੰਧੀ ਪ੍ਰੋਫਾਰਮਾ।

## ਪ੍ਰਬੰਧਕੀ ਵਿਭਾਗ ਦੀ ਸਥਿਤੀ

1. ਕੇਸ ਦੇ ਤੱਥਾਂ ਦੀ ਸਥਿਤੀ

2. ਨਿਯਮਾਂ/ਹਦਾਇਤਾਂ ਅਨੁਸਾਰ ਕੇਸ ਦੀ ਸਥਿਤੀ

3. ਕੀ ਕੇਸ ਵਿੱਚ ਸਬੰਧਤ ਨਿਯਮ/ ਹਦਾਇਤਾਂ ਮਾਨਯੋਗ ਅਦਾਲਤ ਦੇ ਧਿਆਨ ਵਿੱਚ ਲਿਆਂਦੇ ਗਏ ਸਨ?

4. ਜੇਕਰ ਕੇਸ ਸਾਰੇ ਪੱਖਾਂ ਤੋਂ ਸੀਮੀਲਰ ਸੀਚਿਊਏਟਿਡ ਹੈ ਤਾਂ ਉਸ ਦਾ ਆਧਾਰ/ ਪੱਖ ਦੱਸਦੇ ਹੋਏ ਤਸਦੀਕ ਕੀਤਾ ਜਾਵੇ ਕਿ ਕੇਸ ਦੇ ਤੱਥ ਹਵਾਲੇ ਵਾਲੇ ਕੇਸ ਨਾਲ ਮੇਲ ਖਾਂਦੇ ਹਨ।

## ਕਾਨੂੰਨੀ ਮਾਸ਼ੀਰ

1. **Whether the judgement is in persona or in Rem ?**

2. ਕੀ ਕੇਸ ਵਿੱਚ ਅੰਤਮ ਫਾਈਨੈਲਿਟੀ ਹੋ ਚੁੱਕੀ ਹੈ?

3. ਕੀ ਇਸ ਮੁੱਦੇ ਤੇ ਇਸ ਕੇਸ ਦੀ ਫਾਈਨੈਲਿਟੀ ਉਪਰੰਤ ਮਾਨਯੋਗ ਅਦਾਲਤ ਦਾ ਕਿਸੇ ਹੋਰ ਕੇਸ ਦਾ ਫੈਸਲਾ ਹੈ ਜਾਂ ਮਾਨਯੋਗ ਉਚਤਮ ਅਦਾਲਤ ਵਿੱਚ ਅਜਿਹੇ ਮੁੱਦੇ ਤੇ ਕੋਈ ਫੈਸਲਾ ਹੋਇਆ ਹੈ?

ਚਲਦਾ---2

<u>ਵਿੱਤ ਵਿਭਾਗ</u>

1. ਸੀ.ਐਸ.ਆਰ./ਪੀ.ਐਫ.ਆਰ. ਨਿਯਮਾਂ ਅਨੁਸਾਰ ਕੇਸਾਂ ਤੇ ਟਿੱਪਣੀ
2. ਵਿੱਤੀ ਲਾਇਬਿਲਟੀ ਦੱਸੀ ਜਾਵੇ।

<u>ਫੁੱਟਕਲ</u>

ਪ੍ਰਸੋਨਲ ਵਿਭਾਗ ਜਾਂ ਕਿਸੇ ਹੋਰ ਵਿਭਾਗ (ਜਿਵੇਂ ਸਮਾਜ ਭਲਾਈ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਖੇਡਾਂ ਤੇ ਯੁਵਕ ਭਲਾਈ, ਰੱਖਿਆ ਭਲਾਈ ਅਤੇ ਵਿੱਤ ਵਿਭਾਗ ਆਦਿ) ਜਿਸ ਦੇ ਨਿਯਮਾਂ/ਹਦਾਇਤਾਂ ਦਾ ਇਸ ਕੇਸ ਨਾਲ ਸਬੰਧ ਹੈ, ਬਾਰੇ ਟਿੱਪਣੀ ਪ੍ਰਾਪਤ ਕਰਕੇ ਦਿੱਤੀ ਜਾਵੇ।

ਅਧੀਨ/ਉਪ/ਸੰਯੁਕਤ/ਵਧੀਕ/ਸਕੱਤਰ,
ਪ੍ਰਬੰਧਕੀ ਵਿਭਾਗ।

172

ਨੰ: 4/65/2011-3 ਪੀ.ਪੀ.1/135
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.1 ਸ਼ਾਖਾ)

ਮਿਤੀ,ਚੰਡੀਗੜ੍ਹ 16,ਮਾਰਚ,2012

ਸੇਵਾ ਵਿਖੇ

ਸਮੂਹ ਵਿਭਾਗਾ ਦੇ ਮੁੱਖੀ,
ਮੰਡਲਾਂ ਦੇ ਕਮਿਸ਼ਨਰ ਅਤੇ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ

ਵਿਸ਼ਾ:- ਅਪੰਗ ਕਰਮਚਾਰੀਆਂ ਨੂੰ ਤਰੱਕੀ ਦੇਣ ਸਮੇ ਡੀ.ਪੀ.ਸੀ .ਦੀਆਂ ਹੋਣ ਵਾਲੀਆ ਮੀਟਿੰਗਾਂ ਵਿਚ ਸਮਾਜਿਕ ਸਰੁੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨੁਮਾਇੰਦੇ ਨੂੰ ਸ਼ਾਮਲ ਕਰਨ ਬਾਰੇ ।

ਸ੍ਰੀ ਮਾਨ ਜੀਓ,

ਉਪਰੋਕਤ ਵਿਸੇ ਦੇ ਹਵਾਲੇ ਵਿਚ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਵਿਭਾਗ ਦੇ ਪੱਤਰ ਨੰ: 4/39/3 ਪੀ.ਪੀ.1/89/20265 ਮਿਤੀ 23-11-90 ਰਾਹੀ ਕੈਟਾਗਰੀ -। ਅਤੇ ।। (ਹੁਣ ਗਰੁੱਪ ਏ ਅਤੇ ਬੀ ) ਦੀਆਂ ਅਸਾਮੀਆਂ ਤੇ ਪੱਦਉਨਤੀ ਲਈ ਵਿਭਾਗੀ ਤਰੱਕੀ ਕਮੇਟੀ ਦੀ ਸਥਾਪਨਾ ਹੇਠ ਲਿਖੇ ਅਨੁਸਾਰ ਕੀਤੀ ਗਈ ਸੀ :-

| | | |
|---|---|---|
| (1) | ਪ੍ਰਬੰਧਕੀ ਸਕੱਤਰ | ਚੇਅਰਮੈਨ |
| (2) | ਪੰਜਾਬ ਲੋਕ ਸੇਵਾ ਕਮਿਸ਼ਨ ਦਾ ਪ੍ਰਤੀਨਿੱਧ | ਮੈਂਬਰ |
| (3) | ਵਿਭਾਗ ਦਾ ਮੁੱਖੀ | ਮੈਂਬਰ |
| (4) | ਪ੍ਰਸੋਨਲ ਵਿਭਾਗ ਦਾ ਪ੍ਰਤੀਨਿੱਧ | ਮੈਂਬਰ |
| (5) | ਭਲਾਈ ਵਿਭਾਗ ਦਾ ਪ੍ਰਤੀਨਿੱਧ | ਮੈਂਬਰ |

2. ਇਸ ਉਪਰੰਤ ਇਸ ਵਿਭਾਗ ਦੀਆ ਹਦਾਇਤਾਂ ਨੰ: 4/24/91-3 ਪੀ.ਪੀ.1/15006 ਮਿਤੀ 22-9-1992 ਰਾਹੀ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਪ੍ਰਤੀਨਿੱਧ ਬਾਰੇ ਉਪਬੰਧ ਨੂੰ ਖਤਮ ਕਰ ਦਿੱਤਾ ਗਿਆ ਸੀ । ਹੁਣ ਕਿਉਕਿ ਸਮਾਜਿਕ ਸਰੁੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋ ਆਪਣੇ ਪੱਤਰ ਨੰ: 7/29/2010-7ਸਸ/941 ਮਿਤੀ 23-9-2011 ਰਾਹੀ ਅਪੰਗ ਕਰਮਚਾਰੀਆਂ ਨੂੰ ਗਰੁੱਪ ਏ.ਬੀ, ਸੀ ਅਤੇ ਡੀ ਦੀਆਂ ਅਸਾਮੀਆਂ ਉਪਰ ਪੱਦਉਨਤੀਆਂ ਵਿਚ ਵੀ 3% ਰਾਖਵਾਂਕਰਨ ਦਾ ਉਪਬੰਧ ਕਰ ਦਿੱਤਾ ਗਿਆ ਹੈ ਅਤੇ ਕਰਮਚਾਰੀਆਂ ਨੂੰ ਤਰੱਕੀ ਦੇਣ ਲਈ ਰੋਸਟਰ ਦੇ ਨੁਕਤੇ ਵੀ ਨਿਸ਼ਚਿਤ ਕੀਤੇ ਗਏ ਹਨ , ਇਸ ਲਈ ਅਪੰਗ ਵਿਅਕਤੀਆਂ ਲਈ ਬਣਾਈ ਗਈ ਰਾਖਵੇਂਕਰਨ ਦੀ ਨੀਤੀ ਨੂੰ ਸੰਪੂਰਨ ਰੂਪ ਵਿੱਚ ਲਾਗੂ ਕਰਨ ਲਈ ਇਹ ਜਰੂਰੀ ਹੈ ਕਿ ਸਮਾਜਿਕ ਸਰੁੱਖਿਆਂ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨੁਮਾਇੰਦੇ ਨੂੰ ਵੀ ਵਿਭਾਗੀ ਤਰੱਕੀ ਕਮੇਟੀ ਵਿਚ ਸ਼ਾਮਲ ਕੀਤਾ ਜਾਵੇ । ਇਸ ਤੋ ਇਲਾਵਾ ਇਹ ਗੱਲ ਵੀ ਧਿਆਨ ਵਿਚ ਆਈ ਹੈ ਕਿ ਬਹੁਤ ਸਾਰੀਆ ਡੀ.ਪੀ.ਸੀ. ਮੀਟਿੰਗਾਂ ਵਿਚ ਪ੍ਰਬੰਧਕੀ ਵਿਭਾਗਾ ਵਲੋ ਮਾਨਯੋਗ ਅਦਾਲਤਾਂ ਦੇ ਹੁਕਮਾਂ ਦੇ ਹਵਾਲੇ ਦਿੱਤੇ ਜਾਂਦੇ ਹਨ ਜਿਸ ਵਿਚ ਕਾਨੂੰਨੀ ਨੁਕਤੇ ਇਨਵਾਲਵ ਹੁੰਦੇ ਹਨ ਅਤੇ ਅਜਿਹੇ ਨੁਕਤਿਆਂ ਦੀ ਇੰਮਪਲੀਕੇਸ਼ਨ(implication) ਬਾਰੇ ਕਾਨੂੰਨ ਦਾ ਗਿਆਨ ਰੱਖਣ ਵਾਲਾ ਨੁਮਾਇੰਦਾ ਹੀ ਦੱਸ ਸਕਦਾ ਹੈ । ਇਸੇ ਤਰਾਂ ਹੀ ਕਈ ਕੇਸਾਂ ਵਿਚ ਵਿੱਤੀ ਮਾਮਲੇ ਵੀ ਇਨਵਾਲਵ ਹੁੰਦੇ ਹਨ ਜਿਸ ਬਾਰੇ ਵਿੱਤ ਵਿਭਾਗ ਦਾ ਨੁਮਾਇੰਦਾ ਹੀ ਸਹੀ ਵਿਚਾਰ ਦੇ ਸਕਦਾ ਹੈ ।

3. ਉਪਰੋਕਤ ਪ੍ਰਸਥਿਤੀਆਂ ਤੇ ਵਿਚਾਰ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਡੀ.ਪੀ.ਸੀ. ਦੀ ਮੀਟਿੰਗ ਕਰਦੇ ਸਮੇਂ ਅਜਿਹੇ ਮਾਮਲਿਆਂ ਨਾਲ ਸਬੰਧਤ ਵਿਭਾਗ ਦਾ ਨੁਮਾਇੰਦਾ ਹਾਜ਼ਰ ਹੋਣਾ ਜਰੂਰੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈਕਿ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਕਰਦੇ ਸਮੇਂ ਜਿਥੇ ਕਿਤੇ ਲੋੜ ਹੋਵੇ, ਸਮਾਜਿਕ ਸਰੁੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ, ਵਿੱਤ ਵਿਭਾਗ ਅਤੇ ਵਿਧਾਨਕ ਕਾਰ ਵਿਹਾਰ ਵਿਭਾਗ,ਪੰਜਾਬ ਦੇ ਨੁਮਾਇੰਦੇ ਨੂੰ ਵੀ ਸ਼ਾਮਲ ਕਰ ਲਿਆ ਜਾਵੇ ।

ਵਿਸ਼ਵਜੀਤ ਖੰਨਾ (ਦਸਤਖਤ)

ਵਧੀਕ ਸਕੱਤਰ ਪ੍ਰਸੋਨਲ

ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ/ ਪ੍ਰਬੰਧਕੀ ਸਕੱਤਰ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਲਈ ਭੇਜਿਆ ਜਾਦਾ ਹੈ ।

ਵਧੀਕ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸਨਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਅੰ:ਵਿ:ਪੱ: ਨੰ:4/65/11-3 ਪੀ.ਪੀ.1/136 ਮਿਤੀ,ਚੰਡੀਗੜ੍ਹ 16,ਮਾਰਚ,2012

ਇਕ ਉਤਾਰਾ ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ ਸਮਾਜਿਕ ਸਰੁੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ: 7/29/2010-7ਸਸ/941 ਮਿਤੀ 23-9-2011 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ
ਸਮਾਜਿਕ ਸਰੁੱਖਿਆ ਤੇ ਬਾਲ ਵਿਕਾਸ ਵਿਭਾਗ।

ਅੰ:ਵਿ:ਪੱ: ਨੰ: 4/65/2011-3 ਪੀ.ਪੀ.1/137 ਮਿਤੀ,ਚੰਡੀਗੜ੍ਹ 16,ਮਾਰਚ,2012

174

(9)

ਨੰ: 12/45/2011-2ਪੀਪੀ2/426

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼: ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 4-4-2012

ਵਿਸ਼ਾ:- ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਤੇ ਅਪੀਲ) ਨਿਯਮਾਂਵਲੀ, 1970 ਤਹਿਤ ਥਾਪੇ ਪ੍ਰੀਜ਼ੈਂਟਿੰਗ ਅਫਸਰ ਨੂੰ ਦਿੱਤੀ ਜਾਣ ਵਾਲੀ ਮਾਣਭੇਟਾ ਦੀ ਰਕਮ ਬਾਰੇ।

-----

ਸ਼੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਰਕਾਰ ਦੇ ਪੱਤਰ ਨੰ: 3/33/1988-2ਪੀਪੀ2/9006 ਮਿਤੀ 18 ਮਈ, 1989 ਦੇ ਹਵਾਲੇ ਵਿੱਚ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਪ੍ਰੀਜ਼ੈਂਟਿੰਗ ਅਫਸਰ ਨੂੰ ਹਰ ਮੁਕੰਮਲ ਪੜਤਾਲ ਤੇ 300/-ਰੁ. ਬਤੌਰ ਮਾਣਭੇਟਾ ਦਿੱਤੇ ਜਾਣ ਦਾ ਉਪਬੰਧ ਕੀਤਾ ਹੋਇਆ ਹੈ।

2. ਕਿਉਂ ਜੋ ਮਾਣ ਭੇਟਾ ਦੀ ਰਕਮ ਨੂੰ ਤੈਅ ਕੀਤੇ ਬਹੁਤ ਸਮਾਂ ਹੋ ਚੁੱਕਿਆ ਸੀ ਅਤੇ ਇਸ ਨੂੰ ਵਧਾਉਣ ਬਾਰੇ ਸੁਝਾਅ ਵੀ ਪ੍ਰਾਪਤ ਹੋਏ ਹਨ। ਸਰਕਾਰ ਵਲੋਂ ਸਮੁੱਚੇ ਹਾਲਾਤਾਂ ਦੇ ਸਨਮੁੱਖ ਮਾਮਲੇ ਨੂੰ ਬੜੇ ਗਹੁ ਨਾਲ ਵਿਚਾਰਨ ਉਪਰੰਤ ਮੌਜੂਦਾ ਮਾਣਭੇਟਾ ਦੀ ਰਕਮ 300/-ਰੁਪਏ (ਕੇਵਲ ਤਿੰਨ ਸੌ ਰੁਪਏ) ਤੋਂ ਵਧਾ ਕੇ 3600/-ਰੁਪਏ (ਕੇਵਲ ਛੱਤੀ ਸੌ ਰੁਪਏ) ਕਰਨ ਦਾ ਫੈਸਲਾ ਕੀਤਾ ਗਿਆ ਹੈ। ਬਾਕੀ ਦੀਆਂ ਸ਼ਰਤਾਂ ਪਹਿਲਾ ਵਾਲੀਆਂ ਹੀ ਰਹਿਣਗੀਆਂ।

3. ਇਹ ਪੱਤਰ ਵਿੱਤ ਵਿਭਾਗ ਦੇ ਅ.ਵਿ.ਪੱ.ਨੰ: 21/63/2011-3ਵਿਪ੍ਰ2/102 ਮਿਤੀ 22.3.2012 ਰਾਹੀਂ ਪ੍ਰਾਪਤ ਸਹਿਮਤੀ ਨਾਲ ਜਾਰੀ ਕੀਤਾ ਜਾਂਦਾ ਹੈ।

4. ਇਹ ਫੈਸਲਾ ਤੁਰੰਤ ਮਿਤੀ ਤੋਂ ਲਾਗੂ ਹੋਵੇਗਾ।

ਵਿਸ਼ਵਾਸਪਾਤਰ

(ਕੁਲਦੀਪ ਸਿੰਘ)
ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅ.ਵਿ.ਪੱ.ਨੰ: ਨੰ: 12/45/2011-2ਪੀਪੀ2/427

ਮਿਤੀ, ਚੰਡੀਗੜ੍ਹ: 4-4-2012

(175)

109

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਵਿਸ਼ਾ :- ਸਰਕਾਰੀ ਕਰਮਚਾਰੀਆਂ ਦੀ ਸੇਵਾ ਨਵਿਰਤੀ ਤੋਂ ਬਾਅਦ ਸੇਵਾ ਵਿੱਚ ਵਾਧਾ ਨਾ ਕਰਨ ਬਾਰੇ।

ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 16/4/96-4ਪੀ.ਪੀ.1/9219, ਮਿਤੀ 6.5.1997 ਉਪਰੰਤ ਇਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਪੂਰਵਲੇ ਮੁੱਖ ਸਕੱਤਰ ਜੀ ਵੱਲੋਂ ਜਾਰੀ ਅੱਧ ਸਰਕਾਰੀ ਪੱਤਰ ਨੰ: 16/12/08-4ਪੀ.ਪੀ.1/1099, ਮਿਤੀ 11/13.8.2008 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਉਪਰੋਕਤ ਹਦਾਇਤਾਂ ਅਨੁਸਾਰ ਭਵਿੱਖ ਵਿਚ ਕਿਸੇ ਵੀ ਸੂਰਤ ਵਿਚ ਕਿਸੇ ਅਧਿਕਾਰੀ/ਕਰਮਚਾਰੀ ਦੀ ਸੇਵਾ ਨਿਵਿਰਤੀ ਉਪਰੰਤ ਵਾਧਾ ਨਾ ਕਰਨ ਦੀ ਹਦਾਇਤ ਕੀਤੀ ਗਈ ਸੀ। ਇਨ੍ਹਾਂ ਹਦਾਇਤਾਂ ਦੇ ਬਾਵਜੂਦ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਵਿਭਾਗਾਂ ਵੱਲੋਂ ਕੰਮ ਦੀ ਕਥਿਤ ਮਹੱਤਤਾ ਨੂੰ ਦੱਸਦੇ ਹੋਏ ਕਰਮਚਾਰੀਆਂ ਨੂੰ ਬਣਦੀ ਮਿਤੀ ਤੋਂ ਸੇਵਾ ਨਿਵਿਰਤ ਨਹੀਂ ਕੀਤਾ ਜਾਂਦਾ ਅਤੇ ਬਹੁਤ ਸਾਰੇ ਕੇਸਾਂ ਵਿਚ ਸਬੰਧਿਤ ਅਧਿਕਾਰੀਆਂ/ਕਰਮਚਾਰੀਆਂ ਨੂੰ ਰੀ-ਇੰਪਲਾਇ ਕੀਤਾ ਜਾਂਦਾ ਹੈ। ਇਸ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 16/12/08-4ਪੀ.ਪੀ.1/557, ਮਿਤੀ 20.8.2010 ਅਨੁਸਾਰ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਸੀ ਕਿ ਭਵਿੱਖ ਵਿੱਚ ਕਿਸੇ ਵੀ ਸੂਰਤ ਵਿੱਚ ਕਿਸੇ ਕਰਮਚਾਰੀ/ਅਧਿਕਾਰੀ ਦੀ ਸੇਵਾ ਨਵਿਰਤੀ ਉਪਰੰਤ ਉਸ ਦੀ ਸੇਵਾ ਵਿੱਚ ਵਾਧਾ ਨਾ ਕੀਤਾ ਜਾਵੇ ਅਤੇ ਰੀ-ਇੰਪਲਾਈਮੈਂਟ ਦੇ ਕੇਸਾਂ ਵਿੱਚ ਜਦੋਂ ਤੱਕ ਅਜਿਹੇ ਅਧਿਕਾਰੀ/ਕਰਮਚਾਰੀ ਨੂੰ ਰਿਟਾਇਰਮੈਂਟ ਹੋਣ ਤੋਂ ਬਾਅਦ ਰੀ-ਇੰਪਲਾਈਮੈਂਟ ਦੇਣ ਸਬੰਧੀ ਸਮਰੱਥ ਅਥਾਰਟੀ ਵੱਲੋਂ ਪ੍ਰਵਾਨਗੀ ਉਪਰੰਤ ਹੁਕਮ ਜਾਰੀ ਨਹੀਂ ਹੋ ਜਾਂਦੇ, ਉਦੋਂ ਤੱਕ ਅਜਿਹੇ ਅਧਿਕਾਰੀ/ਕਰਮਚਾਰੀ ਨੂੰ ਸੇਵਾ ਨਵਿਰਤੀ ਤੋਂ ਬਾਅਦ ਕਿਸੇ ਵੀ ਹਾਲਤ ਵਿੱਚ ਸੇਵਾ ਵਿੱਚ ਕੰਨਟੀਨਿਊ ਨਾ ਰੱਖਿਆ ਜਾਵੇ ਅਤੇ ਨਿਯਮਾਂ ਅਨੁਸਾਰ ਕਰਮਚਾਰੀ/ਅਧਿਕਾਰੀ ਨੂੰ ਰਿਟਾਇਰਮੈਂਟ ਦੀ ਮਿਤੀ ਤੋਂ ਰਿਟਾਇਰ ਕਰ ਦਿੱਤਾ

ਜਾਵੇ। ਵਿਭਾਗਾਂ ਵਿਚ ਅਜਿਹੀ ਰੀ-ਇੰਮਪਲਾਇਮੈਂਟ ਕਰਨ ਨਾਲ ਜਿੱਥੇ ਨਵੀਆਂ ਨਿਯੁੱਕਤੀਆਂ ਵਿਚ ਖੜੋਤ ਆਉਂਦੀ ਹੈ ਉਥੇ ਹੀ ਇਸ ਨਾਲ ਅਧਿਕਾਰੀਆਂ/ਕਰਮਚਾਰੀਆਂ ਦੀਆਂ ਵਿਭਾਗੀ ਪਦ-ਉਨਤੀਆਂ ਤੇ ਵੀ ਮਾੜਾ ਅਸਰ ਪੈਂਦਾ ਹੈ। (176)

3. ਹੁਣ ਮੰਤਰੀ ਮੰਡਲ ਵੱਲੋਂ ਆਪਣੀ ਮੀਟਿੰਗ ਮਿਤੀ 30-4-2012 ਵਿਚ ਇਸ ਮਾਮਲੇ ਤੇ ਸਾਰੇ ਪੱਖਾਂ ਤੋਂ ਮੁੜ ਵਿਚਾਰ ਕੀਤਾ ਗਿਆ ਅਤੇ ਇਹ ਫੈਸਲਾ ਲਿਆ ਗਿਆ ਹੈ ਕਿ ਭਵਿੱਖ ਵਿੱਚ ਕਿਸੇ ਵੀ ਵਿਭਾਗ ਵੱਲੋਂ ਰਾਜ ਸਰਕਾਰ ਦੇ ਮੁਲਾਜ਼ਮਾਂ ਦੀ ਸੇਵਾ ਨਵਿਰਤੀ ਬਾਅਦ ਸੇਵਾ ਵਿੱਚ ਕੋਈ ਵਾਧਾ (ਸਮੇਤ ਮੁੜ ਨਿਯੁਕਤੀ ਜਾਂ ਠੇਕੇ ਦੇ ਆਧਾਰ ਤੇ) ਨਹੀਂ ਕੀਤਾ ਜਾਵੇਗਾ ਪ੍ਰੰਤੂ ਪ੍ਰਸ਼ਾਸਨਿਕ ਲੋੜਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਹ ਫੈਸਲਾ ਪੀ.ਸੀ.ਐਸ. ਅਫ਼ਸਰਾਂ ਤੇ ਲਾਗੂ ਨਹੀਂ ਹੋਵੇਗਾ।

4. ਇਨ੍ਹਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਵਿਭਾਗ ਦੇ ਪ੍ਰਬੰਧਕੀ ਸਕੱਤਰ ਦੀ ਹੋਵੇਗੀ। ਇਹ ਹਦਾਇਤਾਂ ਆਪਣੇ ਅਧੀਨ ਕੰਮ ਕਰਦੇ ਵਿਭਾਗਾਂ ਦੇ ਮੁਖੀਆਂ ਆਦਿ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

5. ਇਸ ਦੀ ਪੰਹੁਚ ਰਸੀਦ ਭੇਜੀ ਜਾਵੇ।

ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 16/12/08-4ਪੀ.ਪੀ.1(ਪ.ਫ)./237 ਮਿਤੀ, ਚੰਡੀਗੜ੍ਹ: 9.5.2012

ਉਪਰੋਕਤ ਦਾ ਉਤਾਰਾ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਨ੍ਹਾਂ ਦੇ ਪੱਤਰ ਨੰ: 1/44/2012-1ਕੈਬਨਿਟ/1588, ਮਿਤੀ 3-5-2012 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਆਮ ਰਾਜ ਪ੍ਰਬੰਧ ਵਿਭਾਗ
(ਮੰਤਰੀ ਮੰਡਲ ਮਾਮਲੇ ਸ਼ਾਖਾ)

ਅੰ.ਵਿ.ਪੱ.ਨੰ:16/12/08-4ਪੀ.ਪੀ.1(ਪ.ਫ)./238 ਮਿਤੀ, ਚੰਡੀਗੜ੍ਹ: 9.5.2012

177

ਨੰ: 12/42/2012-2ਪੀਪੀ2/523

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 9/5/2012

ਵਿਸ਼ਾ:- ਸਰਕਾਰੀ ਕਰਮਚਾਰੀ ਨੂੰ ਵਿਦੇਸ਼ ਜਾਣ ਵਾਸਤੇ ਪਾਸਪੋਰਟ ਜਾਰੀ ਕਰਨ ਲਈ ਵਿਭਾਗਾਂ ਵਲੋਂ ਇਤਰਾਜ਼ਹੀਣਤਾ ਸਰਟੀਫਿਕੇਟ (NOC) ਜਾਰੀ ਕਰਨ ਬਾਰੇ।

******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਉਪਰੋਕਤ ਵਿਸ਼ੇ ਤੇ ਮੈਂ ਆਪ ਦਾ ਧਿਆਨ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ (ਰਿਜਨਲ ਪਾਸਪੋਰਟ ਦਫਤਰ) ਚੰਡੀਗੜ੍ਹ ਦੇ ਪੱਤਰ ਨੰ: 551(4)2000-RPO/CDG/ADMN ਮਿਤੀ 10-04-2012 ਵੱਲ ਦਿਵਾਵਾਂ, ਜਿਸ ਰਾਹੀਂ ਸਰਕਾਰੀ ਕਰਮਚਾਰੀਆਂ ਨੂੰ ਵਿਦੇਸ਼ ਜਾਣ ਵਾਸਤੇ ਪਾਸਪੋਰਟ ਸਬੰਧੀ ਵਿਭਾਗ ਵੱਲੋਂ (Fresh and Re-issue cases) ਜਾਰੀ ਕੀਤੇ ਜਾਣ ਵਾਲੇ ਇਤਰਾਜ਼ਹੀਣਤਾ ਸਰਟੀਫਿਕੇਟ (NOC) ਦੇ ਫਾਰਮੈਂਟ ਵਿੱਚ ਅੰਤਰ ਨੂੰ ਖਤਮ ਕਰਨ ਲਈ ਅਤੇ ਸਰਕਾਰੀ ਕਰਮਚਾਰੀਆਂ ਨੂੰ ਪਾਸਪੋਰਟ ਵਿੱਚ ਜਾਰੀ ਕਰਨ ਵਿੱਚ ਆ ਰਹੀ ਬੇਲੋੜੀ ਦੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰੀ ਕਰਮਚਾਰੀ ਨੂੰ ਵਿਭਾਗਾਂ ਵਲੋਂ ਜਾਰੀ ਕੀਤੇ ਜਾਣ ਵਾਲੇ ਇਤਰਾਜ਼ਹੀਣਤਾ ਸਰਟੀਫਿਕੇਟ (NOC) ਦੇ ਫਾਰਮੈਂਟ ਸਬੰਧੀ ਨਵਾਂ ਪ੍ਰੋਫਾਰਮਾ Annexure-B, Annexure-M ਜਾਰੀ ਕੀਤਾ ਹੈ ਅਤੇ website www.passportindia.gov.in ਤੇ ਵੀ ਉਪਲਬਧ ਹੈ, ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਵਿਦੇਸ਼ ਜਾਣ ਵਾਸਤੇ ਪਾਸਪੋਰਟ ਜਾਰੀ ਕਰਨ ਲਈ, ਵਿਭਾਗ ਵਲੋਂ ਜਾਰੀ ਕੀਤੇ ਜਾਂਦੇ ਇਤਰਾਜ਼ਹੀਣਤਾ ਸਰਟੀਫਿਕੇਟ (NOC) ਦਾ ਫਾਰਮੈਟ ਨਵੇਂ ਪ੍ਰੋਫਾਰਮੇ Annexure-B, Annexure-M (ਕਾਪੀ ਨੱਥੀ ) ਅਨੁਸਾਰ ਹੀ ਜਾਰੀ ਕੀਤਾ ਜਾਵੇ ਅਤੇ ਪਾਸਪੋਰਟ ਲਈ ਅਪਲਾਈ ਕਰਨ ਸਮੇਂ ਸਬੰਧਤ ਕਰਮਚਾਰੀ ਵਲੋਂ ਆਪਣੇ ਸ਼ਨਾਖਤੀ ਕਾਰਡ ਦੀ ਕਾਪੀ ਵੀ ਨੱਥੀ ਕਰਨ।

2. ਇਸ ਤੋਂ ਇਲਾਵਾ ਵਿਸ਼ੇ ਸਬੰਧੀ ਬਾਕੀ ਦੀਆਂ ਸ਼ਰਤਾਂ ਪਹਿਲਾਂ ਜਾਰੀ ਹੋਇਆਂ ਹਦਾਇਤਾਂ ਅਨੁਸਾਰ ਹੀ ਹੋਣਗੀਆਂ /ਰਹਿਣਗੀਆਂ ।

ਚਲਦਾ ਪੰਨਾ...2

On 6 P.G- 10-5-12

3. ਇਹ ਹਦਾਇਤਾਂ ਸਮੂਹ ਸਬੰਧਤ ਅਧਿਕਾਰੀਆਂ /ਕਰਮਚਾਰੀਆਂ ਦੇ ਧਿਆਨ ਵਿੱਚ ਇੰਨ ਬਿੰਨ ਪਾਲਣਾ ਲਈ ਲਿਆ ਦਿੱਤੀਆਂ ਜਾਣ।

4. ਇਹ ਹਦਾਇਤਾਂ ਤੁਰੰਤ ਮਿਤੀ ਤੋਂ ਲਾਗੂ ਹੋਣਗੀਆਂ।

ਵਿਸ਼ਵਾਸਪਾਤਰ

(ਕੁਲਦੀਪ ਸਿੰਘ)
ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹਨਾਂ ਵਲੋਂ ਆਪਣੇ ਅਧੀਨ ਆਉਂਦੇ ਬੋਰਡ/ ਕਾਰਪੋਰੇਸਨ/ ਅਰਧ ਸਰਕਾਰੀ ਅਦਾਰਿਆ ਆਦਿ ਨੂੰ ਵੀ ਸਰਕੂਲੇਟ ਕਰਨਾ ਯਕੀਨ ਬਣਾਇਆ ਜਾਵੇ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: ਨੰ: 12/42/2012-2ਪੀਪੀ2/ 524 ਮਿਤੀ, ਚੰਡੀਗੜ੍ਹ 9-5-2012

(12) 179

## ANNEXURE 'B'

ALL CENTRAL GOVERNMENT EMPLOYEES, STATE GOVERNMENT EMPLOYEES, EMPLOYEES OF STATUTORY BODIES AND PUBLIC SECTOR UNDERTAKINGS, THEIR SPOUSE AND CHILDREN UPTO THE AGE OF 18 YEARS ARE REQUIRED TO PRODUCE AN IDENTITY CERTIFICATE (STRIKE OUT OPTIONS THAT ARE NOT APPLICABLE)

(To be given in Duplicate on Original Stationery)

Certified that Shri/Smt/Miss ............ Son/Wife/Daughter of Shri ...................., who is an Indian national, is a temporary/permanent employee of (office address) ............... from (date) ....... and is at present holding the post of .................. Shri/Smt/Miss/Mst. .................., who is also an Indian national, is/are a dependent family member(s) of Shri/Smt.............................. and his/her identity is certified. This Ministry/Department/Organization has no objection to his/her acquiring Indian Passport. I, the undersigned, am duly authorized to sign this Identity Certificate. I have read the provisions of Section 6(2) of the Passports Act, 1967 and certify that these are not attracted in case of this applicant. I recommend issue of an Indian Passport to him/her. It is certified that this organization is a Central/State Government/Public Sector undertaking/Statutory body. The Identity Card Number of Shri/Smt/Miss (employee).............................. is.....................

Ref No. & Date .................

Name, Designation, Address & Tel No.

| Applicant's photo to be attested |
|---|

**Note:** Refer Annexure 'F' for details of Section 6(2) of the Passports Act, 1967.

(13)

180

## ANNEXURE 'M'

MINISTRY/DEPARTMENT/OFFICE OF

Applicant's Photo

No.............. dated...................

(No Objection Certificate issuing officer should attest the photograph of the applicant with his/her signature and rubber stamp in such a way that half the signature and stamp appear on the photograph and half on the certificate.)

## NO OBJECTION CERTIFICATE

Shri/Smt/Miss.................................s/o...................................,who is an Indian national, is employed in this office as.............................from...............till date. This Ministry/Department/Office has no objection to his/ her obtaining a passport.

Signature
Controlling/Administrative authority
Telephone/Fax/email

**Note**:-

(a) The officer authorized to issue NOC should sign with name and stamp and must provide contact details for verification by Passport Authority

(b) NOC will be valid for six months from date of issue.

181

ਨੰ: 15/27/08-1ਪੀਪੀ1/279

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.-1 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ, ਡਵੀਜ਼ਨਾ ਦੇ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਸਮੂਹ ਡਿਪਟੀ ਕਮਿਸ਼ਨਰ ਅਤੇ ਜਿਲ੍ਹਾ ਸੈਸ਼ਨ ਜੱਜ ਅਤੇ
ਉਪ-ਮੰਡਲ ਅਫਸਰ (ਸਿਵਲ), ਪੰਜਾਬ।

ਮਿਤੀ,ਚੰਡੀਗੜ੍ਹ: 17-5-2012

ਵਿਸ਼ਾ:- ਗਰੁੱਪ ਏ. ਅਤੇ ਬੀ. ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸਾਲਾਨਾ ਏ.ਪੀ.ਏ.ਆਰ. ਦੇ ਪ੍ਰੋਫਾਰਮੇ ਵਿਚ ਪ੍ਰਾਪਰਟੀ ਰਿਟਰਨ ਸਬੰਧੀ ਨਵਾਂ ਕਾਲਮ ਦਰਜ ਕਰਨ ਬਾਰੇ।

------

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 15/27/08-1ਪੀਪੀ1/497 ਮਿਤੀ 29-7-2011 ਵੱਲ ਦਿਵਾਉਂਦੇ ਹੋਏ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਏ.ਪੀ.ਏ.ਆਰ. ਦੇ ਪ੍ਰੋਫਾਰਮੇ ਵਿਚ ਇਕ ਨਵਾਂ ਕਾਲਮ ਦਰਜ ਕਰ ਦਿੱਤਾ ਜਾਵੇ ਕਿ ਅਧਿਕਾਰੀ/ਕਰਮਚਾਰੀ (ਗਰੁੱਪ ਏ. ਅਤੇ ਬੀ. ) ਨੇ ਆਪਣੇ ਪ੍ਰਾਪਰਟੀ ਰਿਟਰਨ ਕਿਸ ਮਿਤੀ ਨੂੰ ਫਾਈਲ ਕੀਤੀ ਹੈ ਕਿਉਂਕਿ ਰਾਜ ਸਰਕਾਰ ਵੱਲੋਂ ਸਾਰੇ ਅਧਿਕਾਰੀ/ਕਰਮਚਾਰੀਆਂ (ਗਰੁੱਪ ਏ. ਅਤੇ ਬੀ.) ਦੀ ਪ੍ਰਾਪਰਟੀ ਰਿਟਰਨ ਭਰਨਾ ਲਾਜ਼ਮੀ ਕੀਤਾ ਗਿਆ ਹੈ। ਇਸ ਸੂਚਨਾ ਤੋਂ ਬਿਨਾ ਅਧਿਕਾਰੀ/ਕਰਮਚਾਰੀ ਦੀ ਗੁਪਤ ਰਿਪੋਰਟ ਅਧੂਰੀ ਮੰਨੀ ਜਾਵੇਗੀ, ਜਿਸ ਦੇ ਫਲਸਰੂਪ ਉਸ ਦੀ ਤਰੱਕੀ ਤੇ ਅਸਰ ਪੈਣ ਦੀ ਸੰਭਾਵਨਾ ਹੋਵੇਗੀ।

2. ਇਸ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸ਼ ਪਾਤਰ

ਵਧੀਕ ਸਕੱਤਰ ਪ੍ਰਸੋਨਲ੍ਹ

ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ੍ਹ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/
ਪ੍ਰਬੰਧਕੀ ਸਕੱਤਰਾਂ ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 15/27/08-1ਪੀਪੀ1/280 ਮਿਤੀ, ਚੰਡੀਗੜ੍ਹ: 17-5-2012

182

ਨੰ: 4/...-2ਪੀ.ਪੀ2/ 569

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 17-5-2012

ਵਿਸ਼ਾ:- ਸਰਕਾਰੀ ਕਰਮਚਾਰੀ (ਆਚਰਣ) ਨਿਯਮਾਵਲੀ, 1966 ਦੇ ਨਿਯਮ 18 ਅਧੀਨ ਅੱਚਲ ਸਲਾਨਾ ਪ੍ਰੋਪਰਟੀ ਰਿਟਰਨ ਪੇਸ਼ ਕਰਨ ਬਾਰੇ।

******

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰੀ ਕਰਮਚਾਰੀ (ਆਚਰਣ) ਨਿਯਮਾਂਵਲੀ, 1966 ਦੇ ਨਿਯਮ 18 (1) (ii) ਅਧੀਨ ਹਰੇਕ ਸਰਕਾਰੀ ਕਰਮਚਾਰੀ ਜੋ ਕਿਸੇ ਵੀ ਸੇਵਾ ਵਿਚ ਹੋਵੇ ਜਾਂ ਦਰਜਾ-1 ਅਤੇ ਦਰਜਾ-2 (ਹੁਣ ਗਰੁੱਪ 'ਏ' ਅਤੇ 'ਬੀ') ਦੀ ਆਸਾਮੀ ਤੇ ਕੰਮ ਕਰ ਰਿਹਾ ਹੋਵੇ, ਨੂੰ ਅੱਚਲ ਜਾਇਦਾਦ ਜੋ ਉਸਨੂੰ ਵਿਰਾਸਤ ਵਿੱਚ ਮਿਲੀ ਹੋਏ ਜਾਂ ਉਸ ਦੀ ਮਾਲਕੀ ਵਿੱਚ ਹੋ ਜਾਂ ਉਸ ਕੋਲ ਲੀਜ਼/ਪੱਟੇ ਤੇ ਹੋ ਜਾਂ ਉਸ ਦੇ ਕਿਸੇ ਪਰਿਵਾਰਿਕ ਮੈਂਬਰ (ਜਿਸ ਦੀ ਪ੍ਰੀਭਾਸ਼ਾ ਸਰਕਾਰੀ ਕਰਮਚਾਰੀ (ਆਚਰਣ) ਨਿਯਮਾਵਲੀ,1966 ਵਿੱਚ ਦਰਜ ਹੈ) ਦੁਆਰਾ ਖ੍ਰੀਦ/ਵੇਚ ਕੀਤੀ ਗਈ ਹੈ, ਲਈ ਵਿਸਥਾਰ ਸਹਿਤ ਸਲਾਨਾ ਅੱਚਲ ਪ੍ਰੋਪਰਟੀ ਰਿਟਰਨ ਪੇਸ਼ ਕਰਨ ਦੀ ਵਿਵਸਥਾ ਹੈ। ਜਿਸ ਦੇ ਸਨਮੁੱਖ ਆਪ ਜੀ ਦਾ ਧਿਆਨ ਸਰਕਾਰ ਵਲੋਂ ਜਾਰੀ ਹਦਾਇਤਾਂ ਨੰ:13/7/78-2PP/35251 ਮਿਤੀ 6.11.1978 ਵੱਲ ਮੁੜ ਦਿਵਾਇਆ ਜਾਂਦਾ ਹੈ, ਜਿਸ ਵਿੱਚ ਦਰਜਾ-1 ਅਤੇ ਦਰਜਾ-2 (ਹੁਣ ਗਰੁੱਪ 'ਏ' ਅਤੇ 'ਬੀ') ਸਰਕਾਰੀ ਕਰਮਚਾਰੀਆਂ ਨੂੰ ਫਾਰਮ ਨੰ: 1 ਅਨੁਸਾਰ ਹਰ ਵਾਰ ਆਪਣੀ ਅੱਚਲ ਸਾਲਾਨਾ ਪ੍ਰੋਪਰਟੀ ਰਿਟਰਨ ਪੇਸ਼ ਕਰਨ ਲਈ ਕਿਹਾ ਗਿਆ ਹੈ ਅਤੇ ਦਰਜਾ-3 ਅਤੇ ਦਰਜਾ-4 ਕਰਮਚਾਰੀਆਂ ਨੂੰ ਅਜਿਹਾ ਕਰਨ ਤੋਂ ਛੋਟ ਦਿੱਤੀ ਗਈ ਹੈ। ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਵਾਰ ਵਾਰ ਹਦਾਇਤ ਕਰਨ ਦੇ ਬਾਵਜੂਦ ਬਹੁਤ ਸਾਰੇ ਸਰਕਾਰੀ ਕਰਮਚਾਰੀਆਂ ਵਲੋਂ ਆਪਣੀ ਅੱਚਲ ਸਲਾਨਾ ਪ੍ਰੋਪਰਟੀ ਰਿਟਰਨਾਂ ਪੇਸ਼ ਨਹੀਂ ਕੀਤੀਆਂ ਜਾ ਰਹੀਆਂ, ਜਿਸ ਨੂੰ ਸਰਕਾਰ ਵਲੋਂ ਬੜੀ ਗੰਭੀਰਤਾ ਨਾਲ ਲਿਆ ਗਿਆ ਕਿਉਂਕਿ ਇਹ ਸਬੰਧਤ ਨਿਯਮਾਂ ਦੀ ਉਲੰਘਣਾ ਹੈ।

2. ਉਪਰੋਕਤ ਹਾਲਤਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਫੈਸਲਾ ਲਿਆ ਗਿਆ ਹੈ ਕਿ ਹਰੇਕ ਸਰਕਾਰੀ ਕਰਮਚਾਰੀ ਜੋ ਗਰੁੱਪ 'ਏ' ਅਤੇ 'ਬੀ' ਦੀ ਆਸਾਮੀ ਤੇ ਕੰਮ ਕਰ ਰਿਹਾ ਹੈ, ਹਰ ਵਿੱਤੀ ਸਾਲ ਦੀ ਅੱਚਲ ਸਲਾਨਾ ਪ੍ਰੋਪਰਟੀ ਰਿਟਰਨ ਹਰ ਸਾਲ ਮਿਤੀ 30 ਅਪ੍ਰੈਲ ਤੱਕ ਲੋੜੀਂਦੇ ਪ੍ਰੋਫਾਰਮੇ ਅਨੁਸਾਰ ਨਿਰਧਾਰਿਤ ਅਥਾਰਟੀ

14-5-2012

ਚਲਦਾ ਪੰਨਾ...2

ਨੂੰ ਪੇਸ਼ ਕਰੇਗਾ ਪਰ ਵਿੱਤੀ ਸਾਲ 2011-12 ਲਈ ਅੱਚਲ ਸਾਲਾਨਾ ਪ੍ਰੋਪਰਟੀ ਰਿਟਰਨ ਪੇਸ਼ ਕਰਨ ਦੀ ਮਿਤੀ 31 ਮਈ, 2012 ਹੋਵੇਗੀ।

3. ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਸਬੰਧਤ ਸਰਕਾਰੀ ਕਰਮਚਾਰੀ ਆਪਣੀ ਸਲਾਨਾ ਪ੍ਰੋਪਰਟੀ ਰਿਟਰਨ ਸਮੇਂ ਸਿਰ ਪੇਸ਼ ਨਹੀਂ ਕਰਦਾ ਤਾਂ ਸਬੰਧਤ ਸਰਕਾਰੀ ਕਰਮਚਾਰੀ ਲੋੜੀਂਦੀ ਵਿਭਾਗੀ ਕਾਰਵਾਈ ਦਾ ਭਾਗੀ ਹੋਵੇਗਾ। ਇਸ ਤੋਂ ਇਲਾਵਾ ਸਬੰਧਤ ਅਧਿਕਾਰੀ/ਕਰਮਚਾਰੀ ਸਾਲਾਨਾ ਗੁਪਤ ਰਿਪੋਰਟ ਵਿੱਚ ਆਪਣੀ ਅੱਚਲ ਸਲਾਨਾ ਪ੍ਰੋਪਰਟੀ ਰਿਟਰਨ ਸਬੰਧੀ ਇਹ ਇੰਦਰਾਜ ਕਰੇਗਾ ਕਿ ਉਸ ਵਲੋਂ ਅੱਚਲ ਸਾਲਾਨਾ ਪ੍ਰੋਪਰਟੀ ਰਿਟਰਨ ਦਰਸਾਈ ਮਿਤੀ ਨੂੰ ਪੇਸ਼ ਕਰ ਦਿੱਤੀ ਗਈ ਹੈ। ਅਜਿਹਾ ਇੰਦਰਾਜ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਅਧਿਕਾਰੀ/ਕਰਮਚਾਰੀ ਦੀ ਸਲਾਨਾ ਗੁਪਤ ਰਿਪੋਰਟ ਅਧੂਰੀ ਮੰਨੀ ਜਾਵੇਗੀ ਅਤੇ ਇਸ ਸਬੰਧੀ ਹਦਾਇਤਾਂ ਵੱਖਰੇ ਤੌਰ ਤੇ ਇਸ ਵਿਭਾਗ ਦੀ ਸਬੰਧਤ ਸ਼ਾਖਾ ਵਲੋਂ ਕੀਤੀਆਂ ਜਾ ਰਹੀਆਂ ਹਨ।

4. ਇਹ ਹਦਾਇਤਾਂ ਸਮੂਹ ਸਬੰਧਤ ਅਧਿਕਾਰੀਆਂ /ਕਰਮਚਾਰੀਆਂ ਦੇ ਧਿਆਨ ਵਿੱਚ ਇੰਨ ਬਿੰਨ ਪਾਲਣਾ ਲਈ ਲਿਆਉਣਾ ਯਕੀਨੀ ਬਣਾਇਆ ਜਾਵੇ।

ਵਿਸ਼ਵਾਸਪਾਤਰ

(ਕੁਲਦੀਪ ਸਿੰਘ)
ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਉਹਨਾਂ ਵਲੋਂ ਆਪਣੇ ਅਧੀਨ ਆਉਂਦੇ ਬੋਰਡ/ ਕਾਰਪੋਰੇਸ਼ਨ/ ਅਰਧ ਸਰਕਾਰੀ ਅਦਾਰਿਆਂ ਆਦਿ ਨੂੰ ਵੀ ਸਰਕੂਲੇਟ ਕਰਨਾ ਯਕੀਨੀ ਬਣਾਇਆ ਜਾਵੇ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ.ਪੱ.ਨੰ: ਨੰ: 4/3/2012-2ਪੀਪੀ2/560 ਮਿਤੀ, ਚੰਡੀਗੜ੍ਹ: 7/5/12

184



*Return of assets and liabilities*

1. (a) Name of the Government employee in full (in block letters) ... ______________

   (b) Father's Name ... ______________

2. Service to which he/she belongs ... ______________

3. Total length of service up to date—

   (i) in Non-gazetted rank ... ______________

   (ii) in Gazetted rank ... ______________

4. Present post held and place of posting ... ______________

5. Total annual income from all sources during the calendar year immediately preceding the 31st March, 20 ... ______________

6. Declaration.—I hereby declare that the return enclosed namely, Forms I to V, are complete, true and correct as on ______________ to the best of my knowledge and belief, in respect of information due to be furnished by me under the provisions of sub-rule (1) of rule 18 of the *Punjab Government Employees (Conduct) Rules, 1966/rule 16 of the All India Services (Conduct) Rules, 1968.

Signature ______________

Dated :

Designation ______________

*Strike off which ever is not applicable.

Note 1.—This return shall contain particulars of all assets and liabilities of the Government employee, either in his/her own name or in the name of any other person.

Note 2.—If a Government employee is a member of Hindu Undivided Family with co-Parcenary rights in the properties of the family either as a 'Karta' or as a member, he/she should indicate in the return in Form No. I the value of his/her share in such property and where it is not possible to indicate the exact value of such share, its approximate value. Suitable explanatory notes may be added, wherever necessary.

185
(17)
185



FORM I

Year ——— ———

Statement of Immovable Property (e.g. Lands, House, Shops, other buildings, etc.)

| Serial No. | Description of property | Precise location (Name of District, Division, Taluk and village in which the property is situated and also its distinctive number, etc.) | Area of land (in case of land & buildings) | Nature of Land (in case of landed property) | Extent of interest | If not in own name, state in whose name held and his/her relationship, if any, to the Government employee |
|---|---|---|---|---|---|---|
| 1 | 2 | 3 | 4 | 5 | 6 | 7 |
| | | | | | | |

| Date of acquisition | How acquired ? (Whether by purchase, mortgage, lease, inheritance, gift or otherwise and name with details of person/persons from whom acquired) (address and connection of the Government employee, if any with the person/persons concerned) (Please see Note 1 below) | Value of the property (see Note 2 below) | Particulars of sanction of prescribed authority, if any | Total annual income from the property | Remarks |
|---|---|---|---|---|---|
| 8 | 9 | 10 | 11 | 12 | 13 |
| | | | | | |

Date :

Signature

Notes.—(1) For purpose of column 9, the term "lease" would mean a lease of immovable property from year to year or for any term exceeding one year or reserving a yearly rent. Where, however, the lease of immovable property is obtained from a person having official dealings with the Government employee, such a lease should be shown in this column irrespective of the of the term of the lease, whether it is short-term or long-term, and the periodicity of the payment of rent.

(2) In column 10 should be shown—

(a) where the property has been acquired by purchase, mortgage or lease, the price or premium paid for such acquisition ;

(b) where it has been acquired by lease, the total annual rent thereof also ; and

(c) where the acquisition is by inheritance, gift or exchange, the approximate value of the property so acquired.

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.-1 ਸ਼ਾਖਾ)

ਵਿਸ਼ਾ:- ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਬਾਰੇ- ਆਸਾਮੀਆਂ ਦਾ ਵਰਗੀਕਰਨ ਕਰਨ ਉਪਰੰਤ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਕਰਨ ਬਾਰੇ।

------

ਸਮੂਹ ਵਿੱਤੀ ਕਮਿਸ਼ਨਰਜ਼/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 4/43/09-3ਪੀਪੀ1/12137, ਮਿਤੀ 10-12-09 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਸਰਕਾਰ ਵੱਲੋਂ ਉਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਹੀਂ ਹਦਾਇਤਾਂ ਅਨੁਸਾਰ ਫੈਸਲਾ ਕੀਤਾ ਗਿਆ ਸੀ ਕਿ ਜਿਹੜੀਆਂ ਮਨਿਸਟੀਰੀਅਲ ਸੇਵਾਵਾਂ ਦੀਆਂ ਆਸਾਮੀਆਂ ਸੁਪਰਡੰਟ ਗ੍ਰੇਡ-1 ਦੀ ਆਸਾਮੀ ਤੋਂ ਹੇਠਾਂ ਹਨ, ਦੀ ਪਦ-ਉਨਤੀ ਪ੍ਰਬੰਧਕੀ ਸਕੱਤਰ (ਨਿਯੁੱਕਤੀਕਰਤਾ ਅਧਿਕਾਰੀ) ਦੀ ਪੱਧਰ ਤੇ ਬਿਨਾ ਡੀ.ਪੀ.ਸੀ. ਤੋਂ ਨਿਯਮਾਂ ਅਨੁਸਾਰ ਕਰਵਾਈ ਜਾ ਸਕਦੀ ਹੈ, ਜਿਸ ਸਬੰਧੀ ਬੈਂਚ ਮਾਰਕ ਅਤੇ ਹੋਰ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪ੍ਰਤੀ-ਪੂਰਤੀ ਯਕੀਨੀ ਬਣਾਈ ਜਾਵੇਗੀ। ਪਦ-ਉਨਤੀ ਉਪਰੰਤ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਲੋੜ ਅਨੁਸਾਰ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇਗੀ।

3. ਸਰਕਾਰ ਵੱਲੋਂ ਵੱਖ-ਵੱਖ ਮੁਲਾਜ਼ਮ ਜੱਥੇਬੰਦੀਆਂ ਦੀ ਮੰਗ ਨੂੰ ਵਿਚਾਰਦੇ ਹੋਏ ਅਤੇ ਸਮੂਹ ਵਿਭਾਗਾਂ ਵਿਚ ਪਦ-ਉਨਤੀਆਂ ਸਬੰਧੀ ਇਕਸਾਰਤਾ ਲਿਆਉਣ ਦੇ ਮੱਦੇਨਜ਼ਰ ਹੁਣ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਸੁਪਰਡੰਟ ਗ੍ਰੇਡ-1 ਤੋਂ ਹੇਠਾਂ ਦੀਆਂ ਮਨਿਸਟੀਰੀਅਲ ਸੇਵਾਵਾਂ ਦੀਆਂ ਆਸਾਮੀਆਂ ਤੋਂ ਇਲਾਵਾ ਤਕਨੀਕੀ ਆਸਾਮੀਆਂ ਜੋ ਸੁਪਰਡੰਟ ਗ੍ਰੇਡ-1 ਦੀ ਆਸਾਮੀ ਦੇ ਸਮਾਂਕ ਪੇਅ ਸਕੇਲ/ਗ੍ਰੇਡ ਪੇਅ ਤੋਂ ਹੇਠਾਂ ਦੀਆਂ ਆਸਾਮੀਆਂ ਹਨ, ਦੀ ਪਦ-ਉਨਤੀ ਵੀ ਪ੍ਰਬੰਧਕੀ ਸਕੱਤਰ (ਨਿਯੁੱਕਤੀਕਰਤਾ ਅਧਿਕਾਰੀ) ਦੀ ਪੱਧਰ ਤੇ ਬਿਨਾਂ ਡੀ.ਪੀ.ਸੀ. ਤੋਂ ਨਿਯਮਾਂ ਅਨੁਸਾਰ ਕਰ ਲਈ ਜਾਵੇ ਪਰ ਬੈਂਚ ਮਾਰਕ ਅਤੇ ਹੋਰ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪ੍ਰਤੀ-ਪੂਰਤੀ ਯਕੀਨੀ ਬਣਾਈ ਜਾਵੇ। ਪਦ-ਉਨਤੀ ਉਪਰੰਤ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਲੋੜ ਅਨੁਸਾਰ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ।

ਇਹ ਪੱਤਰ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸਕੱਤਰ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 4/43/09-3ਪੀਪੀ1/573 ਮਿਤੀ, ਚੰਡੀਗੜ੍ਹ: 17/3/12

ਪੰਜਾਬ ਸਰਕਾਰ

ਨੰ:12/86/2012-2ਪੀਪੀ2/ 1094

ਪੰਜਾਬ ਸਰਕਾਰ

ਪਰਸੋਨਲ ਵਿਭਾਗ

(ਪਰਸੋਨਲ ਪਾਲਿਸੀ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜਿਲ੍ਹਾ ਅਤੇ ਸੈਸ਼ਨ ਜੱਜ,
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜਨਲ ਮੈਜਿਸਟਰੇਟ ।

ਮਿਤੀ,ਚੰਡੀਗੜ੍ਹ: 24-8-2012

ਵਿਸ਼ਾ:- ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ ) ਨਿਯਮਾਂਵਲੀ 1970 ਅਧੀਨ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਪੜਤਾਲਾਂ ਲਈ ਪੈਨਲ ਤੇ ਨਿਯੁਕਤ ਕੀਤੇ ਪੜਤਾਲੀਆਂ ਅਫਸਰ ਸ੍ਰੀ ਮਨਮੋਹਣ ਹੁਰੀਆਂ, ਆਈ.ਏ.ਐਸ. (ਰਿਟਾਇਰਡ) ਨੂੰ ਪੜਤਾਲਾਂ ਨਾ ਸੌਂਪਣ ਬਾਰੇ।

------

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਸ ਵਿਭਾਗ ਦੇ ਪੱਤਰ ਨੰ: 3/54/91/2ਪੀਪੀ2/7050, ਮਿਤੀ 6-6-2001 ਵੱਲ ਧਿਆਨ ਦਿਵਾਉਂਦੇ ਹੋਏ ਮੈਨੂੰ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਸ੍ਰੀ ਮਨਮੋਹਣ ਹੁਰੀਆਂ, ਆਈ.ਏ.ਐਸ. (ਰਿਟਾਇਰਡ), ਮਕਾਨ ਨੰ: 267, ਸੈਕਟਰ-7, ਪੰਚਕੂਲਾ ਨੂੰ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਅਗਲੇ ਹੁਕਮਾਂ ਤੱਕ ਪ੍ਰਬੰਧਕੀ ਕਾਰਣਾਂ ਕਾਰਨ ਉਹਨਾਂ ਨੂੰ ਪੜਤਾਲਾਂ ਨਾ ਸੌਂਪੀਆਂ ਜਾਣ।

ਆਪ ਜੀ ਦਾ ਵਿਸ਼ਵਾਸ਼ਪਾਤਰ,

(ਕੁਲਦੀਪ ਸਿੰਘ)

ਉਪ ਸਕੱਤਰ ਪਰਸੋਨਲ

ਇਸ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ:12/86/2012-2ਪੀਪੀ2/1095 ਮਿਤੀ, ਚੰਡੀਗੜ੍ਹ: 24-8-2012

ਪਿ.ਅੰ.ਨੰ:12/86/2012-2ਪੀਪੀ2/ 1096 ਮਿਤੀ, ਚੰਡੀਗੜ੍ਹ: 24-8-2012

ਇਸ ਦਾ ਇਕ ਉਤਾਰਾ ਸ੍ਰੀ ਮਨਮੋਹਣ ਹੁਰੀਆਂ, ਆਈ.ਏ.ਐਸ. (ਰਿਟਾਇਰਡ), ਮਕਾਨ ਨੰ: 267, ਸੈਕਟਰ-7, ਪੰਚਕੂਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪਰਸੋਨਲ

GOVERNMENT OF PUNJAB

188

(19)

ਨੰ: 5/7/2012-2ਪੀਪੀ2/ 1119

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਕਮਿਸ਼ਨਰਜ਼ ਆਫ ਡਵੀਜ਼ਨਜ਼:
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 28-8-2012

ਵਿਸ਼ਾ:- ਰਾਜ ਸਰਕਾਰ ਦੇ ਕਲਾਸ-ਏ ਅਤੇ ਕਲਾਸ -ਬੀ ਅਧਿਕਾਰੀ/ਕਰਮਚਾਰੀਆਂ ਨੂੰ ਸੇਵਾ ਦੇ 15,20,25, 30, 35 ਪੂਰੇ ਹੋਣ ਉਪਰੰਤ ਉਹਨਾ ਦੇ ਸੇਵਾ ਰਿਕਾਰਡ ਦੀ ਸਮਿਖਿਆ ਕਰਕੇ ਸੇਵਾ ਵਿੱਚ ਚਲਦਾ ਰੱਖਣ ਬਾਰੇ।

*****

ਸ਼੍ਰੀਮਤੀ/ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਇਸ ਵਿਭਾਗ ਦੇ ਪੱਤਰ ਨੰ: 6520-2SII-75/38581 ਮਿਤੀ 26 ਸਤੰਬਰ,1975 ਅਤੇ ਸਮੇਂ ਸਮੇਂ ਤੇ ਹੋਈਆਂ ਸੋਧਾਂ ਜਿਸ ਰਾਹੀਂ ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮ 1975 ਅਧੀਨ ਭ੍ਰਿਸ਼ਟ ਅਤੇ ਅਯੋਗ ਅਧਿਕਾਰੀਆਂ/ਕਰਮਚਾਰੀਆਂ ਨੂੰ ਸੇਵਾ ਤੋਂ ਜਬਰੀ ਰਿਟਾਇਰ ਕਰਨ ਬਾਰੇ ਹਦਾਇਤ ਕੀਤੀ ਹੋਈ ਹੈ, ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਚੁਸਤ ਤੇ ਦਰੁੱਸਤ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ, ਇਸ ਲਈ ਸਵੱਛ, ਇਮਾਨਦਾਰ ਤੇ ਸੁਚੱਜਾ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਮਾਮਲੇ ਨੂੰ ਸਾਰੇ ਪੱਖਾਂ ਤੋਂ ਵਿਚਾਰਨ ਉਪਰੰਤ ਸਰਕਾਰ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਰਾਜ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਕੇਸਾਂ ਨੂੰ ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਰੂਲਜ਼, 1975 ਦੇ ਨਿਯਮ 3 (1) (ੳ) ਅਧੀਨ ਹੁਣ 15, 20, 25, 30, 35 ਸਾਲ ਦੀ ਯੋਗ ਸੇਵਾ (qualifying service) ਪੂਰੀ ਕਰਨ ਤੇ ਉਸ ਨੂੰ ਅਗਾਹ ਸੇਵਾ ਵਿੱਚ ਚਲਦਾ ਰੱਖਣ ਲਈ ਸਮਿਖਿਆ ਕੀਤੀ ਜਾਵੇ। ਉਕਤ ਸਬੰਧੀ ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਵਲੀ, 1975 ਦੇ ਨਿਯਮਾਂ ਵਿੱਚ ਸੋਧੇ ਉਪਬੰਧ ਬਾਅਦ ਵਿੱਚ ਕੀਤੇ ਜਾਣਗੇ।

2. ਸਰਕਾਰ ਵਲੋਂ ਰਾਜ ਸਰਕਾਰ ਦੇ ਪੀ.ਸੀ.ਐਸ./ਪੀ.ਪੀ.ਐਸ. ਅਤੇ ਕਲਾਸ-ਏ ਤੇ ਕਲਾਸ-ਬੀ ਅਧਿਕਾਰੀਆਂ ਦੇ ਕੇਸਾਂ ਨੂੰ ਹਦਾਇਤਾਂ ਨੰ: 6520-2SII-75/38581 ਮਿਤੀ 26 ਸਤੰਬਰ,1975,ਵਿੱਚ ਦਰਜ ਵਿਧੀ ਅਤੇ ਇਸ ਵਿੱਚ ਸਮੇਂ ਸਮੇਂ ਤੇ ਹੋਈ ਸੋਧ ਅਨੁਸਾਰ ਅਜਿਹੀ ਸਮਿਖਿਆ ਕਰਨ ਲਈ ਹੇਠ ਅਨੁਸਾਰ ਕਮੇਟੀ ਗਠਿਤ ਕੀਤੀ ਜਾਂਦੀ ਹੈ:-

**For PCS:**

| | |
|---|---|
| Chief Secretary | Chairman |
| Two Financial Commissioner/Principal Secretary ( to be nominated by the Chief Secretary) | Member |
| Principal Secretary, Welfare of SCs/BCs | Member |
| Secretary Personnel | Member Secretary |

P.T.O-

189

(20)



**For PPS:**

| | |
|---|---|
| Chief Secretary | Chairman |
| Principal Secretary Home | Member |
| Principal Secretary, Welfare of SCs/BCs | Member |
| Director General of Police | Member |
| Secretary Personnel | Member |
| Secretary /Spl. Secretary/Addl. Secretary of the Home Deptt. | Member Secretary |

**For other Class-A and Class-B:**

| | |
|---|---|
| Administrative Secretary | Chairman |
| Head of the Department ( to be nominated by the Administrative Secretary) | Member |
| Representative of Department of Personnel | Member |
| Representative of Department of Welfare of SCs/BCs | Member |
| Special Secretary/ Additional Secretary/ Joint/Deputy Secretary but not below the rank of Under Secretary of the concerned Department. | Member Secretary |

3. ਦਰਜਾ-ਸੀ ਅਤੇ ਦਰਜਾ-ਡੀ ਕਰਮਚਾਰੀਆਂ ਦੇ ਕੇਸਾਂ ਨੂੰ ਵਿਸੇ ਸਬੰਧੀ ਪਹਿਲਾਂ ਜਾਰੀ ਹੋਈਆਂ ਹਦਾਇਤਾਂ ਨੰ: 6520-2SII-75/38581, ਮਿਤੀ 26 ਸਤੰਬਰ,1975 ਵਿੱਚ ਦਰਜ ਵਿਧੀ ਤੇ ਇਸ ਵਿੱਚ ਸਮੇਂ ਸਮੇਂ ਤੇ ਹੋਈ ਸੋਧ ਅਨੁਸਾਰ ਹੀ ਵਿਚਾਰੇ ਜਾਣਗੇ।

4. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਹਿੱਤ ਸਬੰਧਤਾਂ ਨੂੰ ਜਾਣੂ ਕਰਵਾਉਣ ਦੀ ਖੇਚਲ ਕੀਤੀ ਜਾਵੇ।

5. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ

(ਕੁਲਦੀਪ ਸਿੰਘ)

ਉਪ ਸਕੱਤਰ ਪ੍ਰਸੋਨਲ

ਉਕਤ ਦਾ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: ਨੰ: 5/7/2012-2ਪੀਪੀ2/ 1120 ਮਿਤੀ, ਚੰਡੀਗੜ੍ਹ: 28/8/2012

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀ-2 ਸਾਖਾ)

ਵਿਸ਼ਾ:- ਰਾਜ ਦੇ ਸਮੂਹ ਬੋਰਡਾਂ/ਕਾਰਪੋਰੇਸਨਾਂ/ਕਮਿਸਨਜ ਦੇ ਨਿਯੁਕਤ ਨਾਨ-ਆਫਿਸੀਅਲ ਚੇਅਰਮੈਨਾਂ/ ਵਾਈਸ ਚੇਅਰਮੈਨਾਂ/ਮੈਂਬਰਾਂ ਦਾ ਚਾਰਜ ਸਬੰਧਤ ਪ੍ਰਬੰਧਕੀ ਵਿਭਾਗ ਦੇ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ/ਸਕੱਤਰ ਆਪਣੀ ਡਿਊਟੀਜ ਤੋਂ ਇਲਾਵਾਂ ਵਾਧੂ ਤੋਰ ਤੇ ਤੁਰੰਤ ਸੰਭਾਲਣ ਬਾਰੇ।

*****

ਸਮੂਹ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ/ਸਕੱਤਰ ਪੰਜਾਬ ਸਰਕਾਰ ਕ੍ਰਿਪਾ ਕਰਕੇ ਉਪਰੋਕਤ ਵਿਸੇ ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਪ੍ਰਸਾਸਨਿਕ ਕਾਰਨਾਂ ਕਰਕੇ ਬੋਰਡਾਂ/ਕਾਰਪੋਰੇਸਨਾਂ/ਕਮਿਸਨਜ ਦੀ ਮੁੜ ਰਚਨਾ ਕਰਨਾ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਲਈ ਰਾਜ ਦੇ ਸਮੂਹ ਬੋਰਡਾਂ/ਕਾਰਪੋਰੇਸਨਾਂ/ਕਮਿਸਨਜ ਦੇ ਨਿਯੁਕਤ ਨਾਨ-ਆਫਿਸੀਅਲ ਚੇਅਰਮੈਨਾਂ/ ਵਾਈਸ ਚੇਅਰਮੈਨਾਂ/ਮੈਂਬਰਾਂ ਦੀਆਂ ਸੇਵਾਵਾ ਨੂੰ ਤੁਰੰਤ ਖਤਮ ਕਰਨ ਬਾਰੇ ਪ੍ਰਬੰਧਕੀ ਵਿਭਾਗਾਂ ਵਲੋਂ ਆਪਣੇ ਪੱਧਰ ਤੇ ਸਮਰੱਥ ਅਥਾਰਿਟੀ (Competent Authority) ਤੋਂ ਹੁਕਮ ਲੈ ਲਏ ਗਏ ਹਨ। ਇਨ੍ਹਾਂ ਬੋਰਡਾਂ/ਕਾਰਪੋਰੇਸਨਾਂ/ਕਮਿਸਨਜ ਦਾ ਕੰਮ ਸਫਰ (Suffer) ਨਾ ਕਰੇ, ਇਸ ਲਈ ਸਰਕਾਰ ਵਲੋਂ ਇਹ ਫੈਸਲਾ ਲਿਆ ਗਿਆ ਕਿ ਆਰਜੀ ਤੋਰ ਤੇ ਇਨ੍ਹਾਂ ਬੋਰਡਾਂ/ਕਾਰਪੋਰੇਸਨਾਂ/ਕਮਿਸਨਜ ਦਾ ਚਾਰਜ ਸਬੰਧਤ ਪ੍ਰਬੰਧਕੀ ਵਿਭਾਗ ਦੇ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ/ਸਕੱਤਰ ਆਪਣੀ ਡਿਊਟੀਜ ਤੋਂ ਇਲਾਵਾਂ ਵਾਧੂ ਤੋਰ ਤੇ ਤੁਰੰਤ ਸੰਭਾਲ ਲੈਣ।

3. ਇਸ ਦੀ ਇਨ-ਬਿਨ ਪਾਲਣਾ ਤੁਰੰਤ ਕੀਤੀ ਜਾਵੇ।

ਕੁਲਦੀਪ ਸਿੰਘ
ਉੱਪ ਸਕੱਤਰ ਪ੍ਰਸੋਨਲ(ਕੇ)

ਸੇਵਾ ਵਿਖੇ

ਸਮੂਹ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ/ਸਕੱਤਰ,
ਪੰਜਾਬ ਸਰਕਾਰ।

ਅੰ.ਵਿ.ਪੱ.ਨੰ:12/119/2012-2ਪੀਪੀ2/1382 ਮਿਤੀ,ਚੰਡੀਗੜ੍ਹ: 27.9.2012
ਅੰ.ਵਿ.ਪੱ.ਨੰ:12/119/2012-2ਪੀਪੀ2/1383 ਮਿਤੀ,ਚੰਡੀਗੜ੍ਹ: 27.9.2012

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।
2) ਸਕੱਤਰ/ਮੁੱਖ ਸਕੱਤਰ, ਪੰਜਾਬ।

19

(22)

ਨੰ: 17/36/2012-2ਪੀਪੀ2/ 1384

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 1-10-2012

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰ: 15230 ਆਫ 2012 (O&M)-ਮੋਹਨ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਦਿੱਤੇ ਫੈਸਲੇ ਨੂੰ ਲਾਗੂ ਕਰਨ ਬਾਰੇ।

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 15 ਵਿੱਚ ਉਲਿਖਤ ਸਭ ਹੁਕਮਾਂ ਜਾਂ ਉਨ੍ਹਾਂ ਵਿਚੋਂ ਕਿਸੇ ਹੁਕਮ ਦੇ ਵਿਰੁੱਧ ਉਸ ਦੀ ਨਿਯੁਕਤੀ ਅਤੇ ਸੇਵਾ ਦੀਆਂ ਸ਼ਰਤਾਂ ਦਾ ਵਿਨਿਯਮ ਕਰਨ ਵਾਲੇ ਨਿਯਮਾਂ ਵਿੱਚ ਨਮਿਤ ਉਲਿਖਤ ਅਥਾਰਿਟੀ ਨੂੰ ਅਪੀਲ ਕਰਨ ਦੀ ਵਿਵਸਥਾ ਦੇ ਸਨਮੁੱਖ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਜਦੋਂ ਵੀ ਦੋਸ਼ੀ ਅਧਿਕਾਰੀ/ਕਰਮਚਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ), ਨਿਯਮਾਂਵਲੀ 1970 ਅਧੀਨ ਸਜ਼ਾ ਦੇ ਕੋਈ ਹੁਕਮ ਕੀਤੇ ਜਾਂਦੇ ਹਨ ਤਾਂ ਮਾਨਯੋਗ ਹਾਈ ਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ: 15230 ਆਫ 2012 (O&M)-ਮੋਹਨ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਮਿਤੀ 9.8.2012 ਨੂੰ ਕੀਤੇ ਹੁਕਮਾਂ, ਜਿਨ੍ਹਾਂ ਦਾ ਮੁੱਖ ਪੈਰਾ ਹੇਠ ਅਨੁਸਾਰ ਹੈ, ਨੂੰ ਧਿਆਨ ਵਿੱਚ ਰੱਖਿਆ ਜਾਵੇ:-

> Still further, the petitioner in the present case has been dismissed from service after enquiry. In terms of the Punjab Civil Services (Punishment and Appeal) Rules, 1970 and order of dismissal is appealable. **The petitioner has mentioned in his petition that there is no alternative remedy available to him. Apparently, the statement is misleading. To avoid any such occasion in future and also with a view to guide the employees regarding their statutory right to file appeal or avail of any other remedy in accordance with the applicable Rules/Regulations, it would be appropriate if authority, which passes the order of punishment of any other order, specifically mentions therein on the top or in the end that an appeal against the order is maintainable to the designated authority and even the period for availing such a remedy.**

2. ਇਹ ਹਦਾਇਤਾਂ ਸਮੂਹ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਇੰਨ ਬਿੰਨ ਪਾਲਣਾ ਲਈ ਲਿਆ ਦਿੱਤੀਆਂ ਜਾਣ।

3. ਇਹ ਹਦਾਇਤਾਂ ਤੁਰੰਤ ਮਿਤੀ ਤੋਂ ਲਾਗੂ ਹੋਣਗੀਆਂ।

ਵਿਸ਼ਵਾਸਪਾਤਰ

(ਕੁਲਦੀਪ ਸਿੰਘ)

ਉਪ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪ.ਨੰ: ਨੰ: 17/36/2012-2ਪੀਪੀ2/ 1385 ਮਿਤੀ, ਚੰਡੀਗੜ੍ਹ: 1-10-2012

(92)

ਨੰ: 1/5/2006-5ਪੀ.ਪੀ.1/805

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ, ਮੰਡਲਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾਂ ਅਤੇ ਸੈਸ਼ਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟ੍ਰੇਟ, ਪੰਜਾਬ।

ਮਿਤੀ, ਚੰਡੀਗੜ੍ਹ: 8-10-2012

ਵਿਸ਼ਾ :- ਸਿੱਧੀ ਭਰਤੀ ਦੀ ਉਪਰਲੀ ਉਮਰ ਸੀਮਾ ਦੀ ਹੱਦ 37 ਸਾਲ ਦੀ ਬਜਾਏ 38 ਸਾਲ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 1/5/06-5PP1/290, ਮਿਤੀ 1.6.2010, ਜਿਸ ਰਾਹੀਂ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ, 1994 ਦੇ ਨਿਯਮ-5 ਵਿੱਚ ਸੋਧ ਕਰਦੇ ਹੋਏ ਰਾਜ ਵਿੱਚ ਸਿੱਧੀ ਭਰਤੀ ਲਈ ਉਮਰ ਦੀ ਉਪਰਲੀ ਸੀਮਾ 35 ਸਾਲ ਤੋਂ ਵਧਾ ਕੇ 37 ਸਾਲ ਕਰਨ ਅਤੇ ਉਨਾਂ ਸੇਵਾਵਾਂ ਜਿਨਾਂ ਵਿੱਚ ਉਮਰ ਦੀ ਉਪਰਲੀ ਸੀਮਾ 35 ਸਾਲ ਤੋਂ ਵੱਖਰੀ ਸੀ, ਵਿੱਚ 2 ਸਾਲ ਦਾ ਵਾਧਾ ਕਰਨ ਸਬੰਧੀ ਪੰਜਾਬ ਸਰਕਾਰ ਦੇ ਗਜ਼ਟ ਵਿੱਚ ਛਪੇ ਨੋਟੀਫਿਕੇਸ਼ਨ ਨੰ: G.S.R.-20/Const./Art.-309/2010, ਮਿਤੀ 24.5.2010 ਸਰਕੂਲੇਟ ਕੀਤੀ ਗਈ ਸੀ, ਵੱਲ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 28 ਅਗਸਤ, 2012 ਨੂੰ ਰਾਜ ਦੇ ਕਰਮਚਾਰੀਆਂ ਦੀ ਸੇਵਾ ਨਵਿਰਤੀ ਉਪਰੰਤ ਸੇਵਾ ਕਾਲ ਵਿੱਚ ਵਾਧੇ ਸਬੰਧੀ ਲਏ ਫੈਸਲੇ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਜਦੋਂ ਤੱਕ ਇਹ ਇਕ ਸਾਲ ਦੀ ਮੁੜ ਨਿਯੁਕਤੀ ਦੀ ਨੀਤੀ ਜਾਰੀ ਰਹਿੰਦੀ ਹੈ, ਉਦੋਂ ਤੱਕ ਮੁਲਾਜ਼ਮਾਂ ਦੀ ਸਿੱਧੀ ਭਰਤੀ ਦੀ ਉਪਰਲੀ ਉਮਰ ਸੀਮਾ ਦੀ ਹੱਦ 37 ਸਾਲ ਦੀ ਬਜਾਏ 38 ਸਾਲ ਕਰ ਦਿੱਤੀ ਜਾਵੇ।

2. ਵਿੱਤ ਵਿਭਾਗ ਵੱਲੋਂ ਆਪਣੇ ਪੱਤਰ ਨੰ: 22/2/2012-3ਐਫ.ਪੀ.2/475, ਮਿਤੀ 8 ਅਕਤੂਬਰ, 2012 ਰਾਹੀਂ ਲਾਗੂ ਕੀਤੀ ਗਈ ਸੇਵਾ ਕਾਲ ਵਿੱਚ ਵਾਧੇ ਸਬੰਧੀ

ਪਾਲਿਸੀ ਦੇ ਸਨਮੁੱਖ, ਮੰਤਰੀ ਪ੍ਰੀਸ਼ਦ ਵੱਲੋਂ ਆਪਣੀ ਮੀਟਿੰਗ ਮਿਤੀ 28 ਅਗਸਤ, 2012 ਵਿੱਚ ਲਏ ਫੈਸਲੇ ਅਨੁਸਾਰ ਮੁੜ ਨਿਯੁਕਤੀ ਸਬੰਧੀ ਵਿੱਤ ਵਿਭਾਗ ਦੀ ਉਕਤ ਨੀਤੀ ਜਾਰੀ ਰਹਿਣ ਤੱਕ ਰਾਜ ਸੇਵਾਵਾਂ ਵਿੱਚ ਸਿੱਧੀ ਭਰਤੀ ਦੀ ਉਪਰਲੀ ਸੀਮਾ ਦੀ ਹੱਦ 37 ਸਾਲ ਦੀ ਬਜਾਏ 38 ਸਾਲ ਰਹੇਗੀ।

3. ਇਹ ਹਦਾਇਤਾਂ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਅੰ.ਵਿ.ਪੱ.ਨੰ: 1/5/2006-5ਪੀ.ਪੀ.1/806 ਮਿਤੀ, ਚੰਡੀਗੜ੍ਹ: 8-10-2012
ਪਿੱ.ਅੰ.ਨੰ: 1/5/2006-5ਪੀ.ਪੀ.1/807 ਮਿਤੀ, ਚੰਡੀਗੜ੍ਹ: 8-10-2012

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ਅਤੇ
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਪਿੱ.ਅੰ.ਨੰ: 1/5/2006-5ਪੀ.ਪੀ.1/808 ਮਿਤੀ, ਚੰਡੀਗੜ੍ਹ: 8-10-2012

ਇਸ ਦਾ ਇਕ ਉਤਾਰਾ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਨੂੰ ਉਨਾ ਦੇ ਪਿੱਠ ਅੰਕਣ ਨੰ: 22/2/2012-3ਐਫ.ਪੀ.2/478, ਮਿਤੀ 8 ਅਕਤੂਬਰ, 2012 ਦੇ ਹਵਾਲੇ ਵਿੱਚ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱ.ਅੰ.ਨੰ: 1/5/2006-5ਪੀ.ਪੀ.1/809 ਮਿਤੀ, ਚੰਡੀਗੜ੍ਹ: 8-10-2012

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਉਪ ਸਕੱਤਰ ਪ੍ਰਸੋਨਲ

(194)

ਨੰ: 7/63/2011-1ਪੀ.ਪੀ.1/ 874

112

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ, ਮੰਡਲਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾਂ ਅਤੇ ਸੈਸ਼ਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟ੍ਰੇਟ, ਪੰਜਾਬ।

ਮਿਤੀ, ਚੰਡੀਗੜ੍ਹ:

ਵਿਸ਼ਾ :- "Assured Career Progression Scheme" on completion of 4, 9 and 14 years of service in a cadre.

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ 4, 9 ਅਤੇ 14 ਸਾਲ ਦੀ ਸੇਵਾ ਪੂਰੀ ਕਰਨ ਉਪਰੰਤ ਐਸ਼ੋਅਰਡ ਕੈਰੀਅਰ ਪ੍ਰੋਗਰੈਸ਼ਨ ਸਕੀਮ ਲਾਗੂ ਕਰਨ ਸਬੰਧੀ ਇਸ ਵਿਭਾਗ ਦੀਆਂ ਹਦਾਇਤਾਂ ਨੰ: 7/60/2006-5PP1/15963, ਮਿਤੀ 3.11.2006 ਦੇ ਪੈਰਾ-3(a) ਵੱਲ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਵਿੱਚ ਦਰਜ ਹੇਠ ਅਨੁਸਾਰ ਉਪਬੰਧਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ :-

> "3(a) - After a service of 4, 9 and 14 years in a post or posts in the same cadre (herein after referred to as the same post) and service rendered in the same post in different Government Deparements, **who is not promoted to a higher level on account of non availability of a vacancy or non existence of a promotional avenue in the cadre**, shall be granted the pay scale which is next higher in the hierarchy of pay scale given in the column 3 of the first schedule annexed to Revised Pay Rules, 1998. On placement in the next higher scale in the hierarchy of pay scales after a service of 4, 9 and 14 years, the pay of an employee shall be fixed at the next higher stage in the pay scale and he shall be allowed next increment from the date he would have earned his next increment had he continued in the lower pay scale. If the minimum of higher scale is higher than the stage arrived at, his pay shall be fixed at such minimum and next increment shall be allowed after qualifying service of 12 months in higher scale"

2. ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਏ.ਸੀ.ਪੀ. ਸਕੀਮ ਅਧੀਨ ਲਾਭ ਦੇਣ ਸਮੇਂ ਉਕਤ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਜਾਂਦੀ ਹੈ। ਇਸ

ਲਈ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਇਨਾਂ ਹਦਾਇਤਾਂ ਦੇ ਉਪਬੰਧਾਂ ਖਾਸ ਕਰਕੇ ਉਕਤ ਦਰਸਾਏ ਪੈਰਾ-3(a) ਵਿੱਚ ਦਰਜ ਉਪਬੰਧਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

3. ਇਹ ਪੱਤਰ ਵਿੱਤ ਵਿਭਾਗ ਵੱਲੋਂ ਆਪਣੇ ਅੰ.ਵਿ.ਪੱ.ਨੰ: 6/67/2012-4ਵਿ.ਪ੍ਰ.-2/452, ਮਿਤੀ 21.9.29012 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

ਵਿਸ਼ਵਾਸ਼ਪਾਤਰ,

ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਅੰ.ਵਿ.ਪੱ.ਨੰ:7 /63/2011-1ਪੀ.ਪੀ.1/ 874 ਮਿਤੀ, ਚੰਡੀਗੜ੍ਹ: 25/10/12
ਪਿੰ.ਅੰ.ਨੰ: 7 /63/2011-1ਪੀ.ਪੀ.1/ 874 ਮਿਤੀ, ਚੰਡੀਗੜ੍ਹ: 25/10/12

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ਅਤੇ
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਅਧੀਨ ਸਕੱਤਰ ਪ੍ਰਸੋਨਲ

(196)

ਨੰ: 12/83/2012-2ਪੀਪੀ2 1438

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀ-2 ਸਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸਨਰਾਂ,
ਡਿਪਟੀ ਕਮਿਸਨਰਾਂ,
ਸਬ-ਡਵੀਜਨਲ ਮੈਜਿਸਟ੍ਰੇਟਾਂ ਅਤੇ
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।

ਮਿਤੀ,ਚੰਡੀਗੜ੍ਹ: 12-10-2012

ਵਿਸਾ:- ਅਣ-ਅਧਿਕਾਰਤ ਤੋਰ ਤੇ ਡਿਊਟੀ ਤੋ ਗੈਰ ਹਾਜਰ ਅਧਿਕਾਰੀਆਂ/ਕਰਮਚਾਰੀਆਂ ਨੂੰ ਸੇਵਾ ਤੋਂ ਡਿਸਮਿਸਲ/ਰਿਮੂਵਲ ਕਰਨ ਸਬੰਧੀ ਫੈਸਲੇ ਬਾਰੇ।

*****

ਮੈਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਰਾਜ ਦੇ ਕੁੱਝ ਵਿਭਾਗਾਂ ਵਿੱਚ ਅਣ-ਅਧਿਕਾਰਤ ਤੋਰ ਤੇ ਡਿਊਟੀ ਤੋ ਗੈਰ ਹਾਜਰ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਪ੍ਰਬੰਧਕੀ ਵਿਭਾਗਾਂ ਵਲੋਂ ਕੀਤੀ ਜਾਣ ਵਾਲੀ ਕਾਰਵਾਈ ਨੂੰ ਬੜੇ ਹਲਕੇ ਤੋਰ ਤੇ ਲੈਂਦੇ ਹੋਏ, ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਮੁੜ ਜੁਆਇਨ ਕਰਵਾਉਣ ਲਈ ਕਾਰਵਾਈ ਆਰੰਭ ਲਈ ਜਾਂਦੀ ਹੈ। ਪਰੰਤੂ ਅਣ-ਅਧਿਕਾਰਤ ਤੋਰ ਤੇ ਡਿਊਟੀ ਤੋਂ ਗੈਰ ਹਾਜਰ ਰਹਿਣ ਦੇ ਗੰਭੀਰ ਦੋਸਾਂ ਸਬੰਧੀ ਅਧਿਕਾਰੀ/ਕਰਮਚਾਰੀ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨ ਵਿੱਚ ਅਤੇ ਨਜਿੱਠਣ ਵਿੱਚ ਬੇਲੋੜੀ ਦੇਰੀ ਕੀਤੀ ਜਾਂਦੀ ਹੈ ਜਦੋਂ ਕਿ ਸਰਕਾਰ ਵਲੋਂ ਅਜਿਹੇ ਕੇਸਾਂ ਨੂੰ ਸਮੇਂ ਸਿਰ ਫੈਸਲਾ ਲੈਣ ਲਈ ਸਮੇਂ ਸਮੇਂ ਤੇ ਹਦਾਇਤਾਂ ਕੀਤੀਆਂ ਹੋਈਆਂ ਹਨ। ਪਰੰਤੂ ਵੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾ ਰਹੀ। ਅਜਿਹਾ ਕਰਨ ਨਾਲ ਜਿੱਥੇ ਅਨੁਸ਼ਾਸ਼ਨਹੀਣਤਾਂ ਪੈਦਾ ਹੁੰਦੀ ਹੈ ਉੱਥੇ ਸਰਕਾਰੀ ਕੰਮ-ਕਾਜ ਦਾ ਵੀ ਹਰਜਾ ਹੁੰਦਾ ਹੈ ਅਤੇ ਸਰਕਾਰੀ ਅਧਿਕਾਰੀ/ਕਰਮਚਾਰੀ ਸਰਕਾਰ ਤੇ ਬਿਨ੍ਹਾਂ ਵਜਾ ਬੋਝ ਬਣਿਆ ਰਹਿੰਦਾ ਹੈ।

2. ਉਪਰੋਕਤ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਹਦਾਇਤਾਂ ਦੇ ਜਾਰੀ ਹੋਣ ਦੀ ਮਿਤੀ ਤੋਂ ਹੇਠ ਅਨੁਸਾਰ ਕੀਤੀ ਜਾਣ ਵਾਲੀ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ :-

ੳ) ਅਜਿਹੇ ਲਿਪਤ ਅਧਿਕਾਰੀ/ਕਰਮਚਾਰੀ ਨੂੰ ਮੁੜ ਡਿਊਟੀ ਜੁਆਇੰਨ ਕਰਨ ਲਈ ਤਿੰਨ ਦਿਨਾਂ ਦਾ ਸਮਾਂ ਦਿੰਦੇ ਹੋਏ, ਤੁਰੰਤ ਡਿਊਟੀ ਤੇ ਹਾਜਰ ਹੋਣ ਲਈ ਲਿਖਿਆ ਜਾਵੇ। ਜੇਕਰ ਅਜਿਹਾ ਅਧਿਕਾਰੀ/ਕਰਮਚਾਰੀ ਉਕਤ ਮਿੱਥੇ ਸਮੇਂ ਵਿੱਚ ਹਾਜਰ ਨਹੀਂ ਹੁੰਦਾ ਤਾਂ ਇਸ ਨੂੰ ਅਧਿਕਾਰੀ/ਕਰਮਚਾਰੀ ਦੀ ਅਣ ਅਧਿਕਾਰਤ ਤੋਰ ਤੇ ਡਿਊਟੀ ਤੋ ਗੈਰ ਹਾਜਰ ਮੰਨਦੇ ਹੋਏ ਅਜਿਹੇ ਅਧਿਕਾਰੀ/ਕਰਮਚਾਰੀ ਨੂੰ ਸਰਕਾਰੀ ਸੇਵਾ ਤੋ ਤੁਰੰਤ ਡਿਸਮਿਸਲ/ਰਿਮੂਵਲ ਕਰਨ ਲਈ ਸਖਤੀ ਨਾਲ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮਾਂਵਲੀ, 1970 ਅਧੀਨ ਕਾਰਵਾਈ ਕੀਤੀ ਜਾਵੇ।

ਅ) ਅਜਿਹੇ ਕਿਸੇ ਵੀ ਲਿਪਤ ਅਧਿਕਾਰੀ/ਕਰਮਚਾਰੀ ਨੂੰ ਸਮਰੱਥ ਅਧਿਕਾਰੀ ਦੀ ਪੂਰਵ ਪ੍ਰਵਾਨਗੀ ਤੋਂ ਬਗੇਰ ਡਿਊਟੀ ਮੁੜ ਸੰਭਾਲਣ ਦੀ ਇਜਾਜਤ ਨਾ ਦਿੱਤੀ ਜਾਵੇ ਅਤੇ ਸਬੰਧਤ ਪ੍ਰਬੰਧਕੀ ਵਿਭਾਗ ਅਜਿਹਾ ਕਰਨ ਲਈ ਮਾਮਲਾ ਪੰਜਾਬ ਸਿਵਲ ਸਰਵਿਸ ਰੂਲਜ ਵਾਲਿਯਮ -1, ਭਾਗ-1 ਦੇ ਨਿਯਮ 2.14 ਅਨੁਸਾਰ ਵਿੱਤ ਵਿਭਾਗ ਨਾਲ ਵਿਚਾਰੇ।

(197)



ਙ) ਅਧਿਕਾਰੀ/ਕਰਮਚਾਰੀ ਜੋ ਸਟੱਡੀ ਲੀਵ ਤੇ ਵਿਦੇਸ਼ਾਂ ਵਿੱਚ ਜਾ ਕੇ ਨਿੱਜੀ ਵਪਾਰ/ਕੰਮ/ਵਿੱਤੀ ਲਾਭ ਪ੍ਰਾਪਤ ਕਰਦੇ ਹਨ, ਅਜਿਹੇ ਲਿਪਤ ਅਧਿਕਾਰੀਆਂ/ਕਰਮਚਾਰੀਆਂ ਬਾਰੇ ਸਬੰਧਤ ਰਾਜਦੂਤਾਵਾਸ (Embassy) ਤੋਂ ਉਹਨਾਂ ਦੇ ਕੰਮ-ਕਾਜ ਬਾਰੇ ਵੀ ਪਤਾ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਸਰਕਾਰੀ ਕਰਮਚਾਰੀ (ਆਚਰਣ) ਨਿਯਮਾਂਵਲੀ, 1966 ਦੇ ਨਿਯਮ 15 ਦੀ ਉਲੰਘਣਾ ਮੰਨਦੇ ਹੋਏ ਲਿਪਤ ਅਧਿਕਾਰੀ/ਕਰਮਚਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਅਧੀਨ ਤੁਰੰਤ ਵਿਭਾਗੀ ਕਾਰਵਾਈ ਕੀਤੀ ਜਾਵੇ।

ਸ) ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਅਧਿਕਾਰੀ/ਕਰਮਚਾਰੀ ਦੀ ਨਿਰੋਲ ਜਿੰਮੇਵਾਰੀ ਫਿਕਸ ਕਰਦੇ ਹੋਏ, ਸਬੰਧਤ ਅਧਿਕਾਰੀ/ਕਰਮਚਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮਾਂਵਲੀ, 1970 ਅਧੀਨ ਤੁਰੰਤ ਵਿਭਾਗੀ ਕਾਰਵਾਈ ਕੀਤੀ ਜਾਵੇ।

ਹ) ਇਸ ਵਿਭਾਗ ਦੀਆਂ ਹਦਾਇਤਾਂ ਨੰ: 3/10/2007-2ਪੀਪੀ2/8675 ਮਿਤੀ 5.6.2007 ਵਿੱਚ ਦਰਜ ਮਿੱਥੇ ਸਮੇਂ ਦੇ ਅੰਦਰ-ਅੰਦਰ ਉਕਤ ਕਾਰਵਾਈ ਕਰਨ ਨੂੰ ਯਕੀਨੀ ਬਣਾਇਆ ਜਾਵੇ।

ਕ) ਅਜਿਹੇ ਅਧਿਕਾਰੀਆਂ/ਕਰਮਚਾਰੀਆਂ ਦੀ ਡਿਸਮਿਸਲ /ਰਿਮੂਵਲ ਜਾਂ ਅਹੁਦੇ ਵਿੱਚ ਘਾਟ ਸਬੰਧੀ ਸਜਾਵਾਂ ਦੇਣ ਬਾਰੇ ਰਿਪੋਰਟ ਨਾਲ ਨੱਥੀ ਪ੍ਰੋਫਾਰਮੇ-1 ਅਤੇ ਪ੍ਰੋਫਾਰਮੇ-2 ਅਨੁਸਾਰ ਵਿੱਚ ਸਬਮਿਟ ਕਰਦੇ ਹੋਏ, ਵਿਭਾਗਾਂ ਦੇ ਮੁਖੀ ਆਪਣੇ ਵਿਭਾਗ ਦੇ ਪ੍ਰਬੰਧਕੀ ਸਕੱਤਰ ਨੂੰ ਹਰ ਮਹੀਨੇ ਦੀ 30 ਤਰੀਕ ਤੱਕ ਭੇਜਣਗੇ। ਇਸ ਉਪਰੰਤ ਵਿੱਤੀ ਕਮਿਸ਼ਨਰ/ਪ੍ਰਬੰਧਕੀ ਸਕੱਤਰ ਆਪਣੇ ਵਿਭਾਗਾਂ ਨਾਲ ਸਬੰਧਤ ਸੰਕਲਿਤ ਤਿਮਾਹੀ ਰਿਪੋਰਟ ਮੁੱਖ ਸਕੱਤਰ ਪੰਜਾਬ ਸਰਕਾਰ (ਪੀ.ਪੀ.2 ਸਾਖਾ) ਨੂੰ ਭੇਜਣਗੇ।

3. ਇਸ ਸਬੰਧੀ ਵਿੱਤ ਵਿਭਾਗ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਦੇ ਨਿਯਮਾਂ/ਹਦਾਇਤਾਂ ਵਿੱਚ ਲੋੜੀਂਦੀ ਸੋਧ ਕਰਨ ਲਈ ਕਾਰਵਾਈ ਕੀਤੀ ਜਾਵੇਗੀ।

ਵਿਸ਼ਵਾਸਪਾਤਰ,

ਕੁਲਦੀਪ ਸਿੰਘ

(ਕੁਲਦੀਪ ਸਿੰਘ)

ਉੱਪ ਸਕੱਤਰ ਪ੍ਰਸੋਨਲ

12/10

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਕੁਲਦੀਪ ਸਿੰਘ

ਉੱਪ ਸਕੱਤਰ ਪ੍ਰਸੋਨਲ (ਕ)

12/10

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: ਨੰ: 12/83/2012-2ਪੀਪੀ2/ 1439 ਮਿਤੀ, ਚੰਡੀਗੜ੍ਹ: 12-10-2012

ਵਿਭਾਗ ਦਾ ਨਾਮ.................................................

ਤਿਮਾਹੀ ਰਿਪੋਰਟ...............ਤੋਂ ...............ਤੱਕ।

ਵਿਵਰਣ ਬਾਬਤ ਪ੍ਰੋਫਾਰਮਾ-1

ਅਣ-ਅਧਿਕਾਰਤ ਤੋਰ ਤੇ ਡਿਊਟੀ ਤੋਂ ਗੈਰ-ਹਾਜਰ ਹੋਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਡਿਸਮਿਸਲ/ਰਿਮੂਵਲ ਕਰਨ ਸਬੰਧੀ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਰਿਪੋਰਟ:-

| ਲੜੀ ਨੰ: | ਸਬੰਧਤ ਅਧਿਕਾਰੀ/ ਕਰਮਚਾਰੀ ਦਾ ਨਾਮ/ਅਹੁਦਾ | ਦੋਸ਼ਾਂ ਦਾ ਵੇਰਵਾ | ਅਣ-ਅਧਿਕਾਰਤ ਤੋਰ ਤੇ ਗੈਰ-ਹਾਜਰ ਹੋਣ ਦੀ ਮਿਤੀ .....ਤੋਂ ......ਤੱਕ। | 3 ਦਿਨ੍ਹਾਂ ਵਿੱਚ ਹਾਜਰ ਹੋਣ ਸਬੰਧੀ ਨੋਟਿਸ ਭੇਜਣ/ਦੇਣ ਦੀ ਮਿਤੀ.... | ਮੁਅੱਤਲ ਕਰਨ ਦੀ ਮਿਤੀ | ਸਰਕਾਰ ਦੀਆਂ ਹਦਾਇਤਾਂ ਨੰ: 3/10/2007-2ਪੀਪੀ2/8675 ਮਿਤੀ 5.6.2007 ਵਿੱਚ ਦਰਜ 6 ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਾਰਵਾਈ ਰਿਪੋਰਟ-<br>ੳ) ਚਾਰਜਸ਼ੀਟ ਸਰਵ ਕਰਨ ਦੀ ਮਿਤੀ..............<br>ਅ) ਸੱਕੀ ਅਧਿਕਾਰੀ/ਕਰਮਚਾਰੀ ਦਾ ਉੱਤਰ/ਜਵਾਬ ਪ੍ਰਾਪਤ ਹੋਣ ਦੀ ਮਿਤੀ........<br>ੲ) ਕੀਤੀ ਜਾਣ ਵਾਲੀ ਪੜਤਾਲ ਲਈ ਪੜਤਾਲੀਆਂ ਅਫਸਰ/ਪੇਸ਼ ਕਰਤਾ ਅਫਸਰ ਨਿਯੁਕਤ ਕਰਨ ਦੀ ਮਿਤੀ ........<br>ਸ) ਪੜਤਾਲੀਆਂ ਅਫਸਰ ਵਲੋਂ ਪੜਤਾਲ ਸੌਂਪਣ ਦੀ ਮਿਤੀ.............<br>ੲ) ਸਮਰੱਥ ਅਧਿਕਾਰੀ ਵਲੋਂ ਅੰਤਿਮ ਫੈਸਲਾ ਲੈਣ ਦੀ ਮਿਤੀ ................. |
|---|---|---|---|---|---|---|
| 1) | 2) | 3) | 4) | 5) | 6) | 7) |

| ਮਿੱਥੇ ਸਮੇਂ ਵਿੱਚ ਪੜਤਾਲ ਮੁਕੰਮਲ ਨਾ ਕਰਨ ਦੇ ਕਾਰਣ (ਵੇਰਵੇ ਸਹਿਤ) । | ਮੁਅੱਤਲੀ ਸਮੇਂ ਬਾਰੇ ਕੀ ਸਰਕਾਰ ਦੀਆਂ ਹਦਾਇਤਾਂ ਨੰ: 1270-2ਪੀਪੀ-78/15809 ਮਿਤੀ 16 ਮਈ, 1978 ਦੀ ਪਾਲਣਾ ਨੂੰ ਯਕੀਨੀ ਬਣਾਇਆ ਗਿਆ ਹੈ ਜਾਂ ਨਹੀ, ਵੇਰਵੇ ਸਹਿਤ। | ਵਿਸੇਸ ਕਥਨ |
|---|---|---|
| 8) | 9) | 10) |

ਵਿਭਾਗ ਦਾ ਨਾਮ...............................................

ਤਿਮਾਹੀ ਰਿਪੋਰਟ................ਤੋਂ ..............ਤੱਕ।

ਵਿਵਰਣ ਬਾਬਤ ਪ੍ਰੋਫਾਰਮਾ-2

ਅਣ-ਅਧਿਕਾਰਤ ਤੋਰ ਤੇ ਡਿਊਟੀ ਤੋਂ ਗੈਰ-ਹਾਜਰ ਹੋਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਡਿਸਮਿਸਲ/ਰਿਮੂਵਲ ਕਰਨ ਸਬੰਧੀ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਰਿਪੋਰਟ:-

| ਲੜੀ ਨੰ: | ਸਬੰਧਤ ਅਧਿਕਾਰੀ/ ਕਰਮਚਾਰੀ ਦਾ ਨਾਮ/ਅਹੁਦਾ | ਦੋਸ਼ਾਂ ਦਾ ਵੇਰਵਾ | 3 ਮਹੀਨੇ ਤੋਂ ਵੱਧ ਪੁਰਾਣੇ ਕੇਸਾਂ ਦਾ ਵੇਰਵਾ। | 6 ਮਹੀਨੇ ਤੋਂ ਵੱਧ ਪੁਰਾਣੇ ਕੇਸਾਂ ਦਾ ਵੇਰਵਾ। | 1 ਸਾਲ ਤੋਂ ਵੱਧ ਪੁਰਾਣੇ ਕੇਸਾਂ ਦਾ ਵੇਰਵਾ। | 2 ਸਾਲ ਜਾਂ ਇਸ ਤੋਂ ਵੱਧ ਸਮੇਂ ਦੇ ਪੁਰਾਣੇ ਕੇਸਾਂ ਦਾ ਵੇਰਵਾ। | ਲੜੀ ਨੰ: 4 ਤੋਂ 7 ਤੱਕ ਦੇ ਕੁੱਲ ਕੇਸਾਂ ਦਾ ਵੇਰਵਾ। | ਵਿਸ਼ੇਸ਼ ਕਥਨ |
|---|---|---|---|---|---|---|---|---|
| 1) | 2) | 3) | 4) | 5) | 6) | 7) | 8) | 9) |

199

200

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਵਿਸ਼ਾ :- ਸੇਵਾ ਨਿਯਮਾਂ ਦੀ ਬਣਤਰ/ਅਪ-ਟੂ-ਡੇਟ ਕਰਨ ਵਿੱਚ ਤੇਜ਼ੀ ਲਿਆਉਣ ਬਾਰੇ।

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਅੰ.ਵਿ.ਪੱ.ਨੰ: 9/30/98-4ਪੀ.ਪੀ.1(ਪਫ)/24879, ਮਿਤੀ 27.8.04 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਹਵਾਲਾ ਅਧੀਨ ਪੱਤਰ ਰਾਹੀਂ ਉਨਾ ਦਾ ਧਿਆਨ ਇਸ ਵਿਭਾਗ ਦੇ ਪਹਿਲਾਂ ਜਾਰੀ ਕੀਤੇ ਪੱਤਰ ਨੰ:9/30/98-4ਪੀ.ਪੀ.1/13296, ਮਿਤੀ 12.10.1998 ਅਤੇ ਨੰ: 9/30/98-4ਪੀ.ਪੀ.1/8326, ਮਿਤੀ 13.5.2003 ਵੱਲ ਧਿਆਨ ਦਿਵਾਉਂਦੇ ਹੋਏ ਲਿਖਿਆ ਗਿਆ ਸੀ ਕਿ ਕਈ ਵਿਭਾਗਾਂ ਵਿੱਚ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਨਾ ਦੇਣ ਜਾਂ ਸੇਵਾ ਨਿਯਮਾਂ ਦੀ ਅਣਹੋਂਦ ਵਿੱਚ ਸੇਵਾ ਮਾਮਲਿਆਂ ਦੇ ਨਿਪਟਾਰੇ ਵਿੱਚ ਆ ਰਹੀ ਦਿੱਕਤਾਂ ਅਤੇ ਕਈ ਤਰ੍ਹਾਂ ਦੇ ਝਗੜੇ ਪੈਦਾ ਹੋਣ ਦੇ ਸਿੱਟੇ ਵੱਜੋਂ ਬੇਲੋੜੀ ਲਿਟੀਗੇਸ਼ਨ ਹੋ ਰਹੀ ਹੈ। ਇਸ ਤੋਂ ਇਲਾਵਾ ਪ੍ਰਬੰਧਕੀ ਵਿਭਾਗਾਂ ਨੂੰ ਨਿਯਮਾਂ ਦੀ ਬਣਤਰ ਸਬੰਧੀ ਪ੍ਰਸੋਨਲ ਵਿਭਾਗ ਵੱਲੋਂ ਕੀਤੇ ਜਾਣ ਵਾਲੇ ਪ੍ਰੇਖਣਾਂ ਦਾ ਢੁਕਵਾਂ ਜਵਾਬ ਵੀ ਸਮੇਂ ਸਿਰ ਨਹੀਂ ਦਿੱਤਾ ਜਾਂਦਾ। ਜਿਸ ਕਾਰਨ ਨਿਯਮਾਂ ਦੀ ਬਣਤਰ ਦਾ ਕੰਮ ਲੰਮੇ ਸਮੇਂ ਤੱਕ ਚਲਦਾ ਰਹਿੰਦਾ ਹੈ। ਇਸ ਲਈ ਉਨਾਂ ਨੂੰ ਆਪਣੇ ਅਧੀਨ ਵਿਭਾਗਾਂ ਦੇ ਸੇਵਾ ਨਿਯਮਾਂ ਨੂੰ ਇਸ ਵਿਭਾਗ ਦੇ ਪੱਤਰ ਨੰ: 5/13/98-1ਪੀ.ਪੀ.1/11388, ਮਿਤੀ 8.9.2000 ਨੂੰ ਧਿਆਨ ਵਿੱਚ ਰੱਖ ਕੇ ਅੰਤਿਮ ਰੂਪ ਦੇਣ ਲਈ ਬੇਨਤੀ ਕੀਤੀ ਗਈ ਸੀ।

3. ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੇ ਬਾਵਜੂਦ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕਈ ਵਿਭਾਗਾਂ ਵੱਲੋਂ ਆਪਣੇ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ ਅਤੇ ਕਈ ਵਿਭਾਗਾਂ ਵੱਲੋਂ ਆਪਣੇ ਸੇਵਾ ਨਿਯਮ ਹੀ ਨਹੀਂ ਬਣਾਏ ਗਏ ਹਨ ਜਿਸ ਨਾਲ ਕਰਮਚਾਰੀਆਂ ਦੇ ਸੇਵਾ ਮਾਮਲਿਆਂ ਨੂੰ ਨਿਪਟਾਉਣ ਵਿੱਚ ਹੋ ਰਹੀ ਬੇਲੋੜੀ ਦੇਰੀ ਦੇ ਸਿੱਟੇ ਵੱਜੋਂ ਕਈ ਤਰ੍ਹਾਂ ਦੀਆਂ ਦੀਆਂ ਪ੍ਰਸ਼ਾਸ਼ਨਿਕ ਅਤੇ ਕਾਨੂੰਨੀ ਅੜਚਨਾਂ ਉਤਪੰਨ ਹੋ ਰਹੀਆਂ ਹਨ।

4. ਉਪਰੋਕਤ ਦਰਸਾਈ ਦੇ ਸਨਮੁੱਖ ਬੇਨਤੀ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਆਪਣੇ-ਆਪਣੇ ਅਧੀਨ ਵਿਭਾਗਾਂ ਦੇ ਸੇਵਾ ਨਿਯਮਾਂ ਬਾਰੇ ਸੂਚਨਾ ਭੇਜਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ,
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 9/30/98-4ਪੀ.ਪੀ.1(ਪਫ)/ 976 ਮਿਤੀ, ਚੰਡੀਗੜ੍ਹ: 3/1/12

200(A) (27)

ਨੰ: 3/21/2009-2ਪੀਪੀ2/- 79
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 21-1-2013

ਵਿਸ਼ਾ:- ਪੰਜਾਬ ਸਿਵਲ ਸੇਵਾਵਾਂ (ਸਜਾਂ ਤੇ ਅਪੀਲ) ਨਿਯਮਾਂਵਲੀ, 1970 ਅਧੀਨ ਕੀਤੀ ਜਾਂਦੀ ਪੜਤਾਲ ਲਈ ਪੜਤਾਲੀਆਂ ਅਫਸਰਾਂ ਦੇ ਮੌਜੂਦਾ ਪੈਨਲ (ਨਾਲ ਨੱਥੀ ਲਿਸਟ) ਦੀ ਥਾਂ ਤੇ ਨਵਾਂ ਪੈਨਲ ਸਥਾਪਤ ਕਰਨ ਬਾਰੇ।

*****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਵਿਭਾਗ ਦੇ ਗਸਤੀ ਪੱਤਰ ਨੰ: 3/54/1991-2ਪੀਪੀ2/9006 ਮਿਤੀ 18 ਮਈ, 1989 ਅਤੇ ਪੱਤਰ ਨੰ: 3/54/1991- 2ਪੀਪੀ2/2609 ਮਿਤੀ 25.2.1999 ਦੀ ਲਗਾਤਾਰਤਾ ਵਿੱਚ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰੀ ਕਰਮਚਾਰੀਆਂ/ਅਧਿਕਾਰੀਆਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮ-1970 ਅਧੀਨ ਕੀਤੀ ਜਾਣ ਵਾਲੀ ਪੜਤਾਲ ਲਈ ਮੌਜੂਦਾ ਪੈਨਲ (ਨਾਲ ਨੱਥੀ ਲਿਸਟ) ਦੀ ਥਾਂ ਤੇ ਹੇਠ ਦਰਸਾਏ ਰਿਟਾਇਰਡ IAS/PCS ਅਧਿਕਾਰੀਆਂ ਦਾ ਨਵਾਂ ਪੈਨਲ ਹੋਵੇਗਾ:-

1. ਸ੍ਰੀ ਸੁਖਪਾਲ ਸਿੰਘ ਗਿੱਲ, ਆਈ.ਏ.ਐਸ.(ਰਿਟਾ.),
ਮਕਾਨ ਨੰ: 3149, ਸੈਕਟਰ 39-ਡੀ, ਚੰਡੀਗੜ੍ਹ।
2. ਸ੍ਰੀ ਸੀ.ਐਸ. ਤਲਵਾੜ, ਆਈ.ਏ.ਐਸ.(ਰਿਟਾ.)
ਮਕਾਨ ਨੰ: 263, ਸੈਕਟਰਸ-16 ਏ, ਚੰਡੀਗੜ੍ਹ।
3. ਸ੍ਰੀ ਸੁਰਿੰਦਰਜੀਤ ਸਿੰਘ ਸੰਧੂ, ਆਈ.ਏ.ਐਸ. (ਰਿਟਾ.)
ਮਕਾਨ ਨੰ: 2068, ਫੇਸ-7, ਅਜੀਤਗੜ੍ਹ (ਮੋਹਾਲੀ)।
4. ਸ੍ਰੀ ਬੀ.ਆਰ.ਬਾਂਸਲ, ਅਡੀਸ਼ਨਲ ਡਿਸਟ੍ਰਿਕਟ ਐਂਡ ਸੈਸ਼ਨ ਜੱਜ (ਰਿਟਾ.),
ਮਕਾਨ ਨੰ: 1020, ਸੈਕਟਰ-16, ਪੰਚਕੂਲਾ (ਹਰਿਆਣਾ)।
5. ਸ੍ਰੀ ਬੀ.ਸੀ.ਗੁਪਤਾ, ਰਿਟਾਇਰਡ ਪੀ.ਸੀ.ਐਸ.(J.B)
ਮਕਾਨ ਨੰ: 601, ਫੇਸ-2, ਅਜੀਤਗੜ੍ਹ (ਮੋਹਾਲੀ)।
6. ਸ੍ਰੀ ਐਮ.ਜੀ.ਅਚਾਰੀਆਂ, ਆਈ.ਏ.ਐਸ.(ਰਿਟਾ.)
ਮਕਾਨ ਨੰ: 815, ਫੇਸ-4, ਅਜੀਤਗੜ੍ਹ (ਮੋਹਾਲੀ)।

R13 P.G-22/10/20

GOVERNMENT OF PUNJAB